# ਵਤਨੋਂ ਦੂਰ

ਸੁਸਤ ਜ਼ਿੰਦਗੀ
ਮੇਰੀ ਤਮੰਨਾ ਨਹੀਂ
ਮੇਰੀ ਮਘਦੀ, ਉੱਬਲਦੀ ਰੂਹ ਨੂੰ
ਇਸ ਦੀ ਜ਼ਰੂਰਤ ਨਹੀਂ
ਇਹੋ ਤਮੰਨਾ ਹੈ
ਕਿ ਇੱਕ 'ਉੱਚ ਮਹਾਨ ਮੰਤਵ' ਲਈ
ਮੇਰੇ ਅੰਦਰ
ਘੋਲ ਦੀ ਇੱਕ ਅੱਗ ਬਲਦੀ ਰਹੇ!

ਹੇ ਕਲਾ!
ਮਨੁੱਖ ਜਾਤੀ ਦੁਆਰਾ ਸਾਂਭੇ
ਪਿਆਰੇ ਖਜ਼ਾਨਿਆਂ ਦਾ ਭੇਤ ਕਹਿ
ਤਾਂ ਕਿ ਮੈਂ
ਆਪਣੀ ਸੋਚ ਨਾਲ
ਪੂਰੇ ਦਿਲ ਨਾਲ
ਸਾਰੀ ਦੁਨੀਆਂ ਨੂੰ ਕਲਾਵੇ 'ਚ ਲੈ ਲਵਾਂ!

ਆਓ!
ਦੂਰ ਕਿਧਰੇ ਬਿਖੜੇ ਰਾਹਾਂ ਤੇ ਤੁਰੀਏ।
ਕਿ ਥੋਥੀ ਹੋਂਦ
ਜਿਸਦਾ ਮੰਤਵ ਨਹੀਂ; ਸੇਧ ਨਹੀਂ
ਸਾਡੀ ਜਿੰਦ ਨਹੀਂ ਬਣ ਸਕਦੀ

ਰੂਹ-ਰਹਿਤ ਨਿਰਾਸ ਜੀਵਨ ਵੀ
ਕੋਈ ਜੀਵਨ ਨਹੀਂ।
ਆਓ!
ਅਸਲੀ ਮਨੁੱਖਾਂ ਵਾਂਗ ਮਹਿਸੂਸੀਏ, ਤਾਂਘੀਏ
ਰੋਹ ਜਾਂ ਜਜ਼ਬਾਤ ਵਿੱਚ ਆਈਏ
ਤੇ ਮਾਫ਼ ਕਰੀਏ!

ਮਾਰਚ ਅਪਰੈਲ 1983; ਦੋ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | March-April 1983 | Vol. 10 No. 95

Editor:
Surinder Dhanjal
(Grande Prairie, Alberta, 539-9614)

Advertising & Circulation Board:

Satwant Deepak, Edmonton .................. 461-1917
Laat Bhinder, Edmonton .................. 435-7469
Paul Binning, Vancouver .................. 879-3339
Iqbal Ramuwalia, Toronto .................. 745-7326

Watno Dur Representatives

- British Columbia, Canada:

Sadhu, Burnaby .................. 437-9014
Sukhwant Hundal, Vancouver .................. 321-9221
Amarjit Chahal, Surrey .................. 581-0406
Ajmer Rodey, Vancouver .................. 438-7793
Inderjit Rode, Vancouver .................. 430-4104
Avtar Rodhey, Quesnel .................. 992-7578
Tej Sandhu, Quesnel .................. 992-6775
Dave Jatana, Pr. Rupert .................. 627-7209
J.S. Aulakh, Mission .................. 826-4888

- Alberta, Canada:

Avtar Gill, Sherwood Pk .................. 464-3851
K.S. Chaman, Calgary .................. 248-2841

- India:

Surinder Kailay, Ludhiana
Kulbir Suri, Amritsar

## ਇਸ ਅੰਕ ਵਿੱਚ

- ਕਵਿਤਾਵਾਂ : ਬਾਬੂ ਰੱਜਬ ਅਲੀ, ਤਾਇਰ, ਚੇਤਨਬੀਰ ਰਾਹੂ, ਨਾਜ਼ਰ ਸਿੰਘ ਤਰਸ, ਸੰਤੋਖ ਸਿੰਘ ਸੰਤੋਖ, ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਦਲਜਿੰਦਰ, ਜਗਦੇਵ ਜਟਾਣਾ, ਮਨਮੋਹਨ ਸਿੰਘ ਅਰੋੜਾ ਅਤੇ ਕਾਰਲ ਮਾਰਕਸ
- ਕਹਾਣੀਆਂ : ਕੇ.ਸੀ. ਮੋਹਨ, ਗੁਰਬਖਸ਼ ਦੋਸਾਂਝ
- ਲੇਖ : ਮੋਹਨ ਸਿੰਘ ਜੋਸ਼, ਅਰਦਮਨ ਸਿੰਘ
- ਸਥਾਈ ਕਾਲਮ :
  - ਡੂੰਘੇ ਨੇੜਿਓਂ (ਸੁਖਵੰਤ ਹੁੰਦਲ)
  - ਵਤਨ ਦੀ ਵਾਅ (ਸਤਵੰਤ)
  - ਸਾਹਿੱਤਕ ਖਬਰ-ਸਾਰ (ਸੁਰਿੰਦਰ ਧੰਜਲ)
  - ਦਰਪਣ
- ਗੁਰਦਾਸ ਮਾਨ ਨਾਲ ਇੱਕ ਮੁਲਾਕਾਤ (ਲਾਟ ਭਿੰਡਰ)

## ਸਮਰਪਣ

ਵਤਨੋਂ ਦੂਰ ਦਾ ਇਹ ਅੰਕ ਸ਼ਹੀਦ ਭਗਤ ਸਿੰਘ (ਸ਼ਹਾਦਤ: 23 ਮਾਰਚ 1931) ਅਤੇ ਮਹਾਨ ਚਿੰਤਕ ਕਾਰਲ ਮਾਰਕਸ (ਮੌਤ: 14 ਮਾਰਚ 1883) ਨੂੰ ਸਮਰਪਿਤ ਹੈ। ਮੁੱਖ ਪੰਨੇ ਉੱਤੇ ਦਿੱਤੀ ਗਈ ਕਵਿਤਾ ਕਾਰਲ ਮਾਰਕਸ ਦੀ ਜਵਾਨੀ ਵੇਲੇ ਦੀ ਇੱਕ ਰਚਨਾ ਹੈ ਜਿਸਦਾ ਪੰਜਾਬੀ ਅਨੁਵਾਦ ਜੋਗਾ ਸਿੰਘ ਨੇ ਕੀਤਾ ਹੈ।

- **ANNUAL SUBSCRIPTION**
  - Canada/U.S.A.: $10.00; other Countries: $15.00 (By Air) (Cheques, Drafts, Money-orders payable to 'WATNO DUR' should be sent to Edmonton, Alberta or Vancouver, B.C. in Canada.
  - Special Rates for readers in INDIA (Annual: Rs 10/-); send directly to: Surinder Kailay, 9-D Sarabha Nagar, LUDHIANA-141001, Panjab, India.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਸ਼ਹੀਦ ਭਗਤ ਸਿੰਘ

- ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ।

- ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਲਾਜ਼ਮੀ ਤੌਰ ਉੱਤੇ ਪੁਰਾਣੇ ਵਿਸ਼ਵਾਸ਼ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਵੇਗੀ, ਉਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਵੇਗਾ ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਵੇਗਾ।

- ਸਮਝੌਤਾ ਵੀ ਇੱਕ ਐਸਾ ਹਥਿਆਰ ਹੈ, ਜਿਸਨੂੰ ਸਿਆਸੀ ਜੱਦੋ-ਜਹਿਦ ਵਿੱਚ ਪਲ ਪਲ ਉੱਤੇ ਵਰਤਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਜਿਸ ਨਾਲ ਸਖ਼ਤ ਲੜਾਈ ਤੋਂ ਥੱਕੀ ਹੋਈ ਕੌਮ ਨੂੰ ਥੋੜੀ ਦੇਰ ਲਈ ਆਰਾਮ ਮਿਲ ਸਕੇ ਤੇ ਅਗਾਂਹ ਜੰਗ ਲਈ ਉਹ ਵਧੇਰੇ ਤਾਕਤ ਨਾਲ ਤਿਆਰ ਹੋ ਸਕੇ। ਪਰ ਇਸ ਸਾਰੇ ਸਮਝੌਤੇ ਦੇ ਇਲਾਵਾ ਜਿਸ ਚੀਜ਼ ਨੂੰ ਸਾਨੂੰ ਭੁੱਲਣਾ ਨਹੀਂ ਚਾਹੀਦਾ - ਉਹ ਹੈ ਸਾਡਾ ਆਦਰਸ਼! ਆਦਰਸ਼ ਹਮੇਸ਼ਾਂ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ।

- ਤਿਆਗ ਅਤੇ ਕੁਰਬਾਨੀ ਦੇ ਵੀ ਦੋ ਰੂਪ ਹੁੰਦੇ ਹਨ। ਇੱਕ ਹੈ ਗੋਲੀ ਖਾ ਕੇ ਜਾਂ ਫਾਂਸੀ ਦੇ ਤਖ਼ਤੇ ਤੇ ਚੜ੍ਹਕੇ ਮਰਨਾ। ਇਸ ਵਿੱਚ ਚਮਕ ਜ਼ਿਆਦਾ ਹੈ ਪਰ ਤਕਲੀਫ਼ ਘੱਟ ਹੈ। ਦੂਜਾ ਹੈ ਪਿੱਛੇ ਰਹਿ ਕੇ ਜ਼ਿੰਦਗੀ ਭਰ ਇਮਾਰਤ ਦਾ ਭਾਰ ਚੁੱਕੀ ਰੱਖਣਾ। ਅੰਦੋਲਨ ਦੇ ਉਤਰਾ ਚੜ੍ਹਾਅ ਵਿੱਚ ਅਕਸਰ ਇਹੋ ਜਿਹੀ ਵੀ ਘੜੀ ਆਉਂਦੀ ਹੈ, ਜਦੋਂ ਇਕ ਇਕ ਕਰਕੇ ਆਪਣੇ ਸਾਰੇ ਸਾਥੀ ਛੁੱਟ ਜਾਂਦੇ ਹਨ ਤੇ ਉਸ ਵੇਲੇ ਆਦਮੀ ਦਲਾਸੇ ਦੇ ਦੋ ਅੱਖਰਾਂ ਨੂੰ ਵੀ ਤਰਸ ਜਾਂਦਾ ਹੈ। ਇਹੋ ਜਿਹੀਆਂ ਘੜੀਆਂ ਵਿੱਚ ਵੀ ਜਿਹੜੇ ਆਪਣੀ ਮੰਜ਼ਲ ਦਾ ਰਾਹ ਨਹੀਂ ਛੱਡਦੇ, ਇਮਾਰਤ ਦੇ ਭਾਰ ਹੇਠਾਂ ਜਿਨ੍ਹਾਂ ਦੇ ਪੈਰ ਨਹੀਂ ਥਰ-ਥਰਾਉਂਦੇ, ਮਨ ਨਹੀਂ ਡੋਲਦੇ, ਮੋਢੇ ਨਹੀਂ ਝੁਕਦੇ, ਜਿਹੜੇ ਘੁਲ ਘੁਲ ਕੇ ਆਪਣੇ ਆਪ ਨੂੰ ਜਾਲਦੇ ਰਹਿੰਦੇ ਹਨ ਪਈ ਇਸ ਦੀਵੇ ਦੀ ਲੋਅ ਮੱਧਮ ਨਾ ਪੈ ਜਾਵੇ, ਮਨੁੱਖਤਾ ਉੱਤੇ ਹਨੇਰਾ ਨਾ ਛਾ ਜਾਵੇ, ਕੀ ਇਹੋ ਜਿਹੇ ਲੋਕਾਂ ਦੀ ਤਿਆਗ ਤੇ ਕੁਰਬਾਨੀ ਪਹਿਲਾਂ ਵਾਲਿਆਂ ਦੇ ਮੁਕਾਬਲੇ 'ਚ ਜ਼ਿਆਦਾ ਨਹੀਂ ਹੈ? ਮੈਂ ਤਾਂ ਜ਼ਿਆਦਾ ਸਮਝਦਾ ਹਾਂ।

- ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸਦੇ ਥਾਂ ਸਮਾਜਕ ਖ਼ੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾਕੇ ਮਨੁੱਖਤਾ 'ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿੱਡਰਤਾ, ਬਹਾਦੁਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿੱਚ ਆਖ਼ਰੀ ਯੁੱਧ ਲੜਿਆ ਜਾਵੇਗਾ ਤੇ ਉਹ ਫ਼ੈਸਲਾਕੁਨ ਹੋਵੇਗਾ।

- ਕ੍ਰਾਂਤੀ ਸੰਸਾਰ ਦਾ ਨਿਯਮ ਹੈ। ਇਹ ਮਨੁੱਖੀ ਵਿਕਾਸ ਦਾ ਭੇਦ ਹੈ ਪਰ ਇਸ ਵਿੱਚ ਖ਼ੂਨ-ਖਰਾਬੇ ਨਾਲ ਲਿੱਬੜੀ ਜੱਦੋ-ਜਹਿਦ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਜ਼ਾਤੀ ਬਦਲੇ ਦੀ ਕੋਈ ਥਾਂ ਹੈ। ਇਹ ਬੰਬ ਤੇ ਪਿਸਤੌਲ ਦਾ ਫ਼ਿਰਕਾ ਨਹੀਂ ਹੈ। ... ਕ੍ਰਾਂਤੀ ਦੇ ਵਿਰੋਧੀ ਸਿਰਫ਼ ਪਿਸਤੌਲ, ਬੰਬ, ਤਲਵਾਰ ਅਤੇ ਖ਼ੂਨ-ਖਰਾਬੇ ਨੂੰ ਹੀ ਕ੍ਰਾਂਤੀ ਦਾ ਨਾਂ ਦਿੰਦੇ ਹਨ ਪਰ ਕ੍ਰਾਂਤੀ ਇਨ੍ਹਾਂ ਚੀਜ਼ਾਂ ਤੱਕ ਹੀ ਸੀਮਤ ਨਹੀਂ। ਇਹ ਚੀਜ਼ਾਂ ਕ੍ਰਾਂਤੀ ਦਾ ਸਾਧਨ ਹੋ ਸਕਦੀਆਂ ਹਨ ਅਤੇ ਇਨ੍ਹਾਂ ਸਾਧਨਾਂ ਦੀ ਵਰਤੋਂ ਪਿੱਛੇ ਕ੍ਰਾਂਤੀ ਦੀ ਅਸਲੀ ਸ਼ਕਤੀ; ਜਨਤਾ ਰਾਹੀਂ ਸਮਾਜ ਦੇ ਆਰਥਕ ਤੇ ਰਾਜਨੀਤਕ ਢਾਂਚੇ ਵਿੱਚ ਤਬਦੀਲੀ ਕਰਨ ਦੀ ਇੱਛਿਆ ਹੀ ਹੁੰਦੀ ਹੈ। ਸਾਡੀਆਂ ਅੱਜ ਦੀਆਂ ਹਾਲਤਾਂ ਵਿੱਚ ਕ੍ਰਾਂਤੀ ਦਾ ਉਦੇਸ਼ ਕੁਝ ਆਦਮੀਆਂ ਦਾ ਖ਼ੂਨ ਵਹਾਉਣਾ ਨਹੀਂ। ਮਨੁੱਖ ਰਾਹੀਂ ਮਨੁੱਖ ਦਾ ਖ਼ੂਨ ਚੂਸਣ ਦੀ ਰੀਤ ਨੂੰ ਖ਼ਤਮ ਕਰਕੇ, ਇਸ ਦੇਸ਼ ਲਈ ਆਤਮ ਨਿਰਣੇ ਦਾ ਅਧਿਕਾਰ ਪ੍ਰਾਪਤ ਕਰਨਾ ਹੈ।

- ਇਹ ਧਰਤੀ ਅਤੇ ਭਾਰਤ ਦੀ ਇਹ ਪਵਿੱਤਰ ਧਰਤੀ, ਮੇਰਾ ਸਵਰਗ ਹੈ; ਉਸਤੇ ਤੁਰਨ ਫਿਰਨ ਵਾਲਾ ਹਰ ਆਦਮੀ, ਹਰ ਇਨਸਾਨ, ਮੇਰਾ ਦੇਵਤਾ ਹੈ, ਮੇਰਾ ਭਗਵਾਨ ਹੈ ਅਤੇ ਭਗਵਾਨ ਨੂੰ ਭਗਵਾਨ ਨਾਲ ਲੜਾ ਕੇ ਮੇਰੇ ਸਵਰਗ ਨੂੰ ਨਰਕ ਬਣਾਉਣ ਵਾਲੀਆਂ ਤਾਕਤਾਂ ਖ਼ਤਮ ਕਰਕੇ, ਇਨਸਾਨ ਨੂੰ ਵਰਗਹੀਣ ਸਮਾਜ ਵੱਲ ਅੱਗੇ ਵਧਾਉਣ ਵਾਲੀ ਹਰ ਕੋਸ਼ਿਸ਼, ਹਰ ਕਦਮ ਮੇਰਾ ਧਰਮ ਹੈ।

- ਜੋ ਲੋਕ ਇਸ ਜੱਗ ਨੂੰ ਝੂਠਾ ਸਮਝਦੇ ਹਨ, ਇਸ ਦੇਸ਼ ਅਤੇ ਇਸ ਦੇ ਵਾਸੀਆਂ ਨੂੰ ਪਰਛਾਵਾਂ ਜਾਂ ਮਾਇਆ ਜਾਲ ਦਸਦੇ ਹਨ, ਉਹ ਕਦੀ ਵੀ ਦੁਨੀਆਂ ਦੀ ਭਲਾਈ ਜਾਂ ਇਸ ਦੇਸ਼ ਦੀ ਆਜ਼ਾਦੀ ਲਈ ਈਮਾਨਦਾਰੀ ਨਾਲ ਨਹੀਂ ਲੜ ਸਕਦੇ। ਜੋ ਝੂਠਾ ਹੈ, ਪਰਛਾਵਾਂ ਹੈ, ਉਸ ਲਈ ਜੱਦੋ-ਜਹਿਦ ਕਾਹਦੀ?

# ਪੰਜ ਪਸਤੌਲਾਂ ਵਾਲੇ

•

ਬਾਬੂ ਰੱਜਬ ਅਲੀ

•

ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਬਾਰੇ ਇਹ ਰਚਨਾ (ਛੰਦ) ਮਾਲਵੇ ਦੇ ਮਸ਼ਹੂਰ ਕਿੱਸਾਕਾਰ ਬਾਬੂ ਰੱਜਬ ਅਲੀ ਦੇ ਕਿੱਸੇ 'ਸਾਂਡਰਸ ਦੇ ਕਤਲ ਦਾ ਪ੍ਰਸੰਗ' ਵਿੱਚੋਂ ਹੈ।

ਬਾਬੂ ਰੱਜਬ ਅਲੀ 10 ਅਗਸਤ 1892 ਨੂੰ ਪਿੰਡ ਸਾਹੋਕੇ (ਤਹਿਸੀਲ ਮੋਗਾ) ਵਿੱਚ ਜਨਮੇ - ਦੇਹਾਂਤ ਤੋਂ ਕੁਝ ਵਰ੍ਹੇ ਪਹਿਲਾਂ ਉਹ ਪਾਕਿਸਤਾਨ ਚਲੇ ਗਏ ਸਨ।

ਬਾਬੂ ਰੱਜਬ ਅਲੀ ਅਤੇ ਕਈ ਤਾਇਰ ਦੀਆਂ ਰਚਨਾਵਾਂ ਨਾਲ ਅਸੀਂ 23 ਮਾਰਚ ਦੇ ਅਮਰ-ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

- ਦੋਹਰਾ -

ਦਫ਼ਤਰ ਮੂਹਰੇ ਆ ਖੜੇ, ਫੜ ਕੇ ਤੇ ਪਸਤੌਲ।।
ਭਗਤ ਛੱਡੇ ਅੰਗਰੇਜ਼ ਤੇ, ਪੈਣ ਕਾਲਜੇ ਹੌਲ।।

ਟੋਲੀ ਆਣ ਸੜਕ ਤੇ ਅਟਕੀ, ਦਫ਼ਤਰ ਵਿਚ ਹੋ ਘੰਟੀ ਖੜਕੀ,
ਘੇਰਨ ਲਾਉਣ ਸ਼ਿਕਾਰੀ ਟਾਲਾ, ਆਵੇ ਮੂੰਨਾਂ ਦੇ ਵਿਚ ਕਾਲਾ,
ਚੁੱਕਿਆ ਗਲਾ ਉਤਾਰਾਂ ਨੂੰ —
ਹੋਣੀ ਖੜੀ ਸਾਂਡਰਸ ਕੋਲੇ ਗਿਣਨੇ ਲੱਗ ਪਈ ਸਾਹਾਂ ਨੂੰ।

ਸੱਜਰੇ ਸੂਟ ਜਿਉਂ ਚੜ੍ਹਨ ਬਰਾਤਾਂ, ਗੱਭਰੂ ਖੜਗੇ ਲਾ ਕਰ ਘਾਤਾਂ,
ਬਹੁਤੀ ਆਕੜ ਕਰੇ ਹੰਕਾਰੀ, ਟੰਗ ਨੂੰ ਵਲ ਕੇ ਹੁਬਕਲੀ ਮਾਰੀ,
ਚੜ੍ਹ ਗਿਆ 'ਸਾਈਕਲ ਫੰਗੀ' * 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ।

ਛੇੜਤਾ ਭਗਤ ਜਵਾਨ ਨੇ ਭਰਕੇ, ਪਾਇਆ ਸ਼ੋਰ ਕਲਰਕਾਂ ਡਰਕੇ,
ਅੱਖੀਆਂ ਮੀਚੀਆਂ ਸਾਈਕਲ ਭਿੜਗੇ, ਸਿਰ ਤੋਂ ਟੋਪ ਅੰਗਰੇਜ਼ੀ ਡਿੱਗੇ,
ਮੁੱਛੀਆਂ ਦਾਈਆਂ ਲਿੱਬੜਦੀਆਂ —
ਫਿੱਸੀਆਂ ਗੋਰੀਆਂ ਗੋਗੜਾਂ, ਗੋਰੇ ਅੱਧ ਪੱਕ ਚਿੱਬੜ ਦੀਆਂ।

ਸਾਰਾ ਜੁੱਸਾ ਥਰ ਥਰ ਕੰਬ ਗਿਆ, ਛੱਟੜ ਹੋਸ਼ ਬਥੇਰਾ ਹੰਭ ਗਿਆ,
ਆ ਗਈ ਹੋਣੀ ਰੱਤ ਦੀ ਪਿਆਸੀ, ਕਿਧਰੇ ਭੱਜ ਗਿਆ ਨੰਗ ਚਪੜਾਸੀ,
ਪਰ੍ਹੇ ਪੈਣ ਪਤੰਗੀ 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ।

ਆ ਗਈ ਰਾਜਗੁਰੂ ਦੀ ਵਾਰੀ, ਪਿਸਟਲ ਫੜ ਕੇ ਗੋਲੀ ਮਾਰੀ,
ਹੋ ਗਿਆ ਸ਼ਹਿਰ ਸ਼ਹੀਦਾ ਵਾਕਾ, ਇਕ ਘਟਾ ਦੇ ਕੋਲ ਸੁਣੇ ਧਮਾਕਾ,
ਰੂੰਗ ਮਾਸ ਕੱਢ ਲਿਆ ਗਰਦਣ ਦਾ —
ਦਰਦ ਵੰਡਾਉਣ ਲਹੂ ਪਿਆ ਦਰਦੀ ਭਾਰਤ ਦਰਦਣ ਦਾ।

ਦੋਵੇਂ ਸ਼ੇਰ ਵਿਚਾਲਿਉਂ ਪਾਟੇ, ਲੱਗ ਗੇ ਰੱਤ ਦੇ ਪੈਣ ਛਰਾਟੇ,
ਪੈ ਗਿਆ ਗਲ 'ਚ ਟੋਪ ਦਾ ਫੀਤਾ, ਪੀੜਾਂ ਲੱਗੀਆਂ ਹਾਏ ਹਾਏ ਕੀਤਾ,
ਹੀਰ ਬਣਾ ਤੇ ਸੈਧੀ 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ।

ਫਿਰ ਸੁਖਦੇਵ ਚਲਾਤੀ ਗੋਲੀ, ਰਾਹੀ ਪਾਉਂਦੇ ਕਾਵਾਂ ਰੌਲੀ,
ਸੋਹਣੀ ਟੀਂਅ ਟੀਂਅ ਕਰਦੀ ਜਾਂਦੀ, ਰਾਜ਼ੀ ਕਿਰਲੂ ਫੁਰਦਾ ਗਾਂਧੀ,
ਰੰਗਣਾਂ ਚੜ੍ਹੀ ਆਜ਼ਾਦ ਨੂੰ —
ਜੋ ਅੰਗਰੇਜ਼ ਦਬੱਲਦੇ, ਹਿੰਦੁਸਤਾਨੋਂ ਬਾਹਰ ਨੂੰ।

ਹੋ ਗਿਆ ਖੜਕਾ ਉਡ ਗਏ ਤੂੰਬੇ, ਕੂੜਦੇ ਫਿਰਦੇ ਰੱਤ ਦੇ ਥੂੰਏ,
ਸੀ ਲਾਲ ਮਖਮਲ ਵਰਗੀ ਦੇਹੀ, ਵੱਜ ਕੇ ਤੇਜ਼ ਬਾਰੂਦਾਂ ਢੇਹੀ,
ਜੈਸੇ ਕਰਦ ਨਰੰਗੀ 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ।

ਚੰਦਰ ਸ਼ੇਖਰ ਹੰਟਰ ਚਲਾਇਆ, ਮਾਂ ਦੇ ਲਾਲ ਜ਼ਬਿਸਕੂ** ਢਾਇਆ,
ਕਾਰਤੂਸ ਕੱਢਤਾ ਮੋਟੇ ਪੱਟ 'ਚੋਂ ਵਾਂਗਰੇ ਸੁਰਖ ਲਹੂ ਦੇ ਫੱਟ 'ਚੋਂ,
ਜਿਵੇਂ ਦੁਨਾਲੇ ਸੋਧੇ ਜੀ,
ਬਗਲੇ ਹਿੱਕ 'ਚੋਂ ਲਾਉਣ ਉਡਾਰੀ, ਚੁਗਣ ਵਲੈਤੋਂ ਚੋਗੇ ਜੀ।

(* ਮੋਟਰ ਸਾਈਕਲ)

ਜਿਹੜੇ ਬੁੱਲ੍ਹ ਸਨ ਪਾਲੋਂ ਪਤਲੇ, ਵੱਜ ਗਿਆ ਹੈਂਟ ਖਿੰਡਾਤੇ ਗੱਤਲੇ,
ਹੋ ਗਏ ਲੰਡਨ ਦੇ ਬੁੱਤ ਫੈਲੇ, ਚੜ੍ਹਗੇ ਢੇ ਦੇ ਉਂਗਲਾਂ ਮੈਲੇ,
ਉਹਦੀ ਹਿੱਕ ਜੀ ਨੰਗੀ 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ।

ਜੈ ਗੋਪਾਲ ਚਲਾਤੀ ਮਗਰੋਂ, ਡੂੰਘਾ ਟੋਆ ਬਣਾਤਾ ਗੱਗਰੋਂ,
ਲੱਗ ਗਿਆ ਸੀਸ ਜ਼ਿਮੀ ਤੇ ਲੋਟਣ, ਸੜਕਾਂ ਪੱਕੀਆਂ ਫਿਸ ਗਿਆ ਟੋਟਣ,
ਗੋਡਾ ਬੰਨ ਲਿਆ ਬਾਹਦਾਂ ਨੇ —
ਤੇ ਜੱਟ ਸਿਰੜੇ ਵਾਂਗੂ ਖੋਰ ਖੱਤ ਲਿਆ ਕਾਦਾਂ ਨੇ।

ਪਿੱਟ ਕੇ ਦਸ ਬਾਰਾਂ ਸਾਨ ਧਾਂਦਲ, 'ਬਾਬੂ' ਗੋਰੇ ਟੋਪਗੇ ਚਾਂਦਲ,
ਸਾਨੋਂ ਖਿਲਾਂ ਕਵੀਸ਼ਰ ਗਜਦੇ, ਕਈ ਜਾਂ ਤੂੰਬੇ ਤੁਣ ਤੁਣ ਵੱਜਦੇ,
ਜਾਂ ਸੁਰ ਲਾਉਣ ਸਾਰੰਗੀ 'ਤੇ —
ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਫਰੰਗੀ 'ਤੇ। •

(** ਜਗਤ ਪਰਸਿੱਧ ਪਹਿਲਵਾਨ (ਅਮਰੀਕਨ) ਜ਼ਬਿਸਕੂ,
ਜਿਸਨੂੰ ਗਾਮੇ ਨੇ ਢਾਹਿਆ ਸੀ।)


---

(ਇਹ ਘੋੜੀ ੨੩ ਮਾਰਚ, ੧੯੩੨ ਨੂੰ ਭਗਤ ਸਿੰਘ ਹੋਰਾਂ ਦੀ ਸ਼ਹੀਦੀ ਦੀ ਪਹਿਲੀ ਵਰ੍ਹੇ-ਗੰਢ ਉਤੇ ਲਾਹੌਰ ਵਿਚ ਇਕ ਲੋਕ ਕਵੀ (ਤਖ਼ੱਲਸ 'ਤਾਇਰ') ਨੇ ਟਾਂਗੇ ਉਤੇ ਖੜ੍ਹੇ ਹੋ ਕੇ ਪੜ੍ਹੀ ਸੀ। ਇਹ ਦਿਵਸ ਨੂੰ ਮਨਾਉਣ ਉਤੇ ਸਰਕਾਰ ਨੇ ਪੂਰੀ ਪਾਬੰਦੀ ਲਾਈ ਹੋਈ ਸੀ, ਪਰ ਉਸ ਪਾਬੰਦੀ ਦੇ ਬਾਵਜੂਦ ਕੋਈ ਇਕ ਲੱਖ ਲੋਕਾਂ ਨੇ ਹਿੱਸਾ ਲਿਆ)

## ਘੋੜੀ ਸ਼ਹੀਦ ਭਗਤ ਸਿੰਘ

ਆਵੋ ਨੀ ਭੈਣੋ, ਰਲ ਗਾਵੀਏ ਘੋੜੀਆਂ, ਜੰਞ ਤੇ ਹੋਈ ਤਿਆਰ ਵੇ, ਹਾਂ।
ਮੌਤ ਕੁੜੀ ਨੂੰ ਪਰਨਾਵਣ ਚੱਲਿਆ, ਦੇਸ਼ ਭਗਤ ਸਰਦਾਰ ਵੇ, ਹਾਂ।
ਫਾਂਸੀ ਦੇ ਤਖ਼ਤੇ ਵਾਲਾ ਖਾਰਾ ਬਣਾਕੇ, ਬੈਠਾ ਤੂੰ ਚੌਂਕੜੀ ਮਾਰ ਵੇ, ਹਾਂ।
ਹੰਝੂਆਂ ਦੇ ਪਾਣੀ ਭਰ ਨਹਾਵੇ ਘੋੜੀਲੀ, ਲਹੂ ਦੀ ਰੱਤੀ ਮੌਲੀ ਧਾਰ ਵੇ, ਹਾਂ।
ਫਾਂਸੀ ਦੀ ਟੋਪੀ ਵਾਲਾ ਖਾਰਾ ਬਣਾਕੇ, ਸਿਹਰਾ ਤੂੰ ਬੱਧਾ ਝਾਂਜਰਦਾਰ ਵੇ, ਹਾਂ।
ਜੰਡੀ ਤੇ ਵੱਢੀ ਲਾੜੇ ਜ਼ੋਰ ਜ਼ੁਲਮ ਦੀ, ਸਬਰ ਦੀ ਮਾਰ ਤਲਵਾਰ ਵੇ, ਹਾਂ।
ਰਾਜਗੁਰੂ ਤੇ ਸੁਖਦੇਵ ਸਰਬਾਲੇ, ਚੜ੍ਹਿਆ 'ਤੇ ਤੂੰ ਹੀ ਇਕਵਾਰ ਵੇ, ਹਾਂ।
ਵਾਗ-ਫੜਾਈ ਤੈਥੋਂ ਭੈਣਾਂ ਨੇ ਲੈਣੀ, ਭੈਣਾਂ ਦਾ ਰੱਖਿਆ ਉਧਾਰ ਵੇ, ਹਾਂ।
ਹਰੀਕ੍ਰਿਸ਼ਨ* ਤੇਰਾ ਬਹਿਣਿਆਂ ਦੇ ਸਾਹੂ, ਢੁਕੇ ਤੇ ਤੁਸੀਂ ਇਕੋ ਵਾਰ ਵੇ, ਹਾਂ।
ਪੈਂਤੀ ਕਰੋੜ ਤੇਰੇ ਜਾਂਞੀਂ ਵੇ ਲਾੜਿਆ, ਪੈਦਲ ਤੇ ਕਈ ਸਵਾਰ ਵੇ, ਹਾਂ।
ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਤੁਰ ਪਈ, 'ਤਾਇਰ' ਵੀ ਹੋਇਆ ਤਿਆਰ ਵੇ, ਹਾਂ।
•

*ਭਗਤ ਸਿੰਘ ਤੋਂ ਪਹਿਲਾਂ ਸ਼ਹੀਦ ਹੋਇਆ ਦੇਸ਼ ਭਗਤ ਨੌਜਵਾਨ, ਜਿਸਨੇ ਯੂਨੀਵਰਸਿਟੀ ਕਨਵੋਕੇਸ਼ਨ ਵੇਲੇ ਫ਼ਰੰਗੀ ਗਵਰਨਰ ਉਤੇ ਲਾਹੌਰ ਵਿਚ ਗੋਲੀ ਚਲਾਈ ਸੀ।



## ਕਾਰਲ ਮਾਰਕਸ

• ਦਲੇਰ, ਸੁਤੰਤਰ ਮਨ ਦਾਰਸ਼ਨਿਕ ਖੋਜ-ਪੜਤਾਲ ਦੀ ਪਹਿਲੀ ਲੋੜ ਹੈ।

• ਜੇ ਉਹ (ਇੱਕ ਵਿਅਕਤੀ) ਕੇਵਲ ਆਪਣੇ ਲਈ ਕੰਮ ਕਰਦਾ ਹੈ, ਉਹ ਸ਼ਾਇਦ ਇੱਕ ਪਰਸਿੱਧ ਵਿਦਵਾਨ, ਇੱਕ ਵੱਡਾ ਸੰਤ, ਇੱਕ ਸ਼ਾਨਦਾਰ ਕਵੀ ਤਾਂ ਬਣ ਸਕਦਾ ਹੈ, ਪਰ ਉਹ ਮਹਾਨ ਮਨੁੱਖ ਨਹੀਂ ਬਣ ਸਕਦਾ।

• ਵਿਗਿਆਨ ਤੱਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ, ਅਤੇ ਕੇਵਲ ਉਹਨਾਂ ਲੋਕਾਂ ਨੂੰ ਹੀ ਇਸਦੀਆਂ ਉੱਜਲੀਆਂ ਸਿਖਰਾਂ ਤੱਕ ਪਹੁੰਚਣ ਦਾ ਮੌਕਾ ਮਿਲਦਾ ਹੈ ਜਿਹੜੇ ਇਸਦੇ ਢਲਵਾਨ-ਪਹਾੜੀ ਮਾਰਗਾਂ ਦੀ ਥਕਾ ਮਾਰਨ ਵਾਲੀ ਚੜ੍ਹਾਈ ਤੋਂ ਨਹੀਂ ਡਰਦੇ।

• ਵਿਗਿਆਨ ਦੇ ਪ੍ਰਵੇਸ਼ ਦਵਾਰ 'ਤੇ, ਨਰਕ ਦੇ ਪ੍ਰਵੇਸ਼ ਦਵਾਰ ਵਾਂਗ ਹੀ, ਇਹ ਮੰਗ ਰੱਖੀ ਜਾਣੀ ਚਾਹੀਦੀ ਹੈ: ਇੱਥੇ ਦਿਲ ਕਰੜਾ ਕਰਕੇ ਆਓ, ਡਰਕੇ ਇੱਥੇ ਕਿਸੇ ਦਾ ਕੁਝ ਨਹੀਂ ਸੰਵਰਦਾ।

• ਤਜਰਬਾ ਉਸ ਮਨੁੱਖ ਨੂੰ ਸਭ ਤੋਂ ਵੱਧ ਖ਼ੁਸ਼ ਦਸਦਾ ਹੈ ਜਿਸਨੇ ਵੱਧ ਤੋਂ ਵੱਧ ਲੋਕਾਂ ਨੂੰ ਖ਼ੁਸ਼ ਤੇ ਸੁਖੀ ਬਣਾਇਆ ਹੁੰਦਾ ਹੈ।

• ਲੋਕਾਂ ਨੂੰ ਆਪਣੇ ਆਪ ਤੋਂ ਡਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ ਤਾਂ ਜੋ ਉਹਨਾਂ ਨੂੰ ਹੌਸਲਾ ਮਿਲੇ।

• ਜੇ ਅਸੀਂ ਜੀਵਨ ਵਿੱਚ ਅਜਿਹੀ ਸਥਿਤੀ ਦੀ ਚੋਣ ਕੀਤੀ ਹੈ ਜਿਸ ਵਿੱਚ ਅਸੀਂ ਸਭ ਤੋਂ ਵੱਧ ਮਨੁੱਖਤਾ ਲਈ ਕੰਮ ਕਰ ਸਕਦੇ ਹਾਂ ਤਾਂ ਕੋਈ ਭਾਰ ਸਾਨੂੰ ਝੁਕਾ ਨਹੀਂ ਸਕਦੇ, ਕਿਉਂਕਿ ਉਹ ਸਭਨਾਂ ਦੇ ਭਲੇ ਲਈ ਕੀਤੀਆਂ ਕੁਰਬਾਨੀਆਂ ਹੁੰਦੀਆਂ ਹਨ।

• ਧਰਮ ਪੀੜਤ ਜੀਵ ਦਾ ਹਉਕਾ ਹੈ, ਬੇਦਿਲ ਦੁਨੀਆਂ ਦਾ ਦਿਲ ਹੈ, ਜਿਵੇਂ ਕਿ ਇਹ ਬੇਜਾਨ ਹਾਲਾਤ ਦੀ ਜਾਨ ਵੀ ਹੁੰਦੀ ਹੈ। ਇਹ ਲੋਕਾਂ ਦੀ ਅਫ਼ੀਮ ਹੈ।

• ਆਲੋਚਨਾ ਦਿਮਾਗ਼ ਦਾ ਵਲਵਲਾ ਨਹੀਂ, ਇਹ ਵਲਵਲੇ ਦਾ ਦਿਮਾਗ਼ ਹੈ। ਇਹ ਨਸ਼ਤਰ ਨਹੀਂ, ਇਹ ਇੱਕ ਹਥਿਆਰ ਹੈ।

• ਜਿਸ ਉਦੇਸ਼ ਲਈ ਅਣਉਚਿਤ ਸਾਧਨਾਂ ਦੀ ਲੋੜ ਹੈ, ਉਹ ਉਚਿਤ ਉਦੇਸ਼ ਨਹੀਂ।

• ਇਨਕਲਾਬ ਦਾਰਸ਼ਨਿਕਾਂ ਦੇ ਦਿਮਾਗ਼ ਵਿੱਚ ਸ਼ੁਰੂ ਹੁੰਦਾ ਹੈ ਜਿਹੜਾ ਪ੍ਰੌਢ ਹੋ ਰਹੇ ਅੰਤਰ-ਵਿਰੋਧਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਪਰ ਸਿਧਾਂਤਕ ਆਲੋਚਨਾ ਦਾ ਹਥਿਆਰ "ਹਥਿਆਰਾਂ ਨਾਲ ਆਲੋਚਨਾ" ਦੀ ਥਾਂ ਨਹੀਂ ਲੈ ਸਕਦਾ। ਸਿਧਾਂਤ ਜਦੋਂ ਜਨਤਾ ਦੇ ਦਿਲ ਜਿੱਤ ਲੈਂਦਾ ਹੈ, ਇੱਕ ਪਦਾਰਥਕ ਸ਼ਕਤੀ ਬਣ ਜਾਂਦਾ ਹੈ।

• ਅਸੀਂ ਇੱਕ ਮੱਤਵਾਦੀ ਢੰਗ ਨਾਲ ਇੱਕ ਨਵਾਂ ਨੇਮ ਲੈਕੇ ਸੰਸਾਰ ਦਾ ਸਾਹਮਣਾ ਨਹੀਂ ਕਰਦੇ ਕਿ "ਇਹੀ ਹੈ ਸਚਾਈ, ਇਹਦੇ ਅੱਗੇ ਗੋਡੇ ਟੇਕ ਦਿਓ!" ਅਸੀਂ ਸੰਸਾਰ ਦੇ ਆਪਣੇ ਹੀ ਨੇਮਾਂ ਵਿਚੋਂ ਸੰਸਾਰ ਵਾਸਤੇ ਨਵੇਂ ਨੇਮ ਵਿਕਸਤ ਕਰਦੇ ਹਾਂ।

# ASIA IMPORT HOUSE

EDMONTON



▼SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

**PHONE: 439-4159 or 439-5261, FOR OUT OF TOWN ORDERS**

**▼LISTENER'S CHOICE:**

**INDIAN RECORDS, TAPES, VIDEO FILMS & VIDEO RECORDERS**

**FOR FRIENDLY SERVICE — VISIT US...**

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

# ਗੁਰਦਾਸ ਮਾਨ ਨਾਲ ਇੱਕ ਮੁਲਾਕਾਤ

ਲਾਟ ਭਿੰਡਰ

(ਪੰਜਾਬੀ ਦੇ ਉੱਭਰ ਰਹੇ ਗਾਇਕ ਅਤੇ ਗੀਤਕਾਰ ਗੁਰਦਾਸ ਮਾਨ ਨਾਲ ਇਹ ਮੁਲਾਕਾਤ ਅਗਸਤ 1982 ਵਿੱਚ ਐਡਮੰਟਨ, ਅਲਬਰਟਾ, ਕੈਨੇਡਾ ਵਿੱਚ ਰੀਕਾਰਡ ਕੀਤੀ ਗਈ।)

---

? ਕੀ ਇਹ ਤੁਹਾਡੀ ਪਹਿਲੀ ਪ੍ਰਦੇਸ ਯਾਤਰਾ ਹੈ ਤੇ ਤੁਸੀਂ ਹੋਰ ਕਿਹੜੇ ਕਿਹੜੇ ਮੁਲਕਾਂ ਦਾ ਦੌਰਾ ਕਰ ਰਹੇ ਹੋ?

- ਹਿੰਦੁਸਤਾਨ ਤੋਂ ਬਾਹਰ ਆਉਣ ਦਾ ਇਹ ਪਹਿਲਾ ਸਬੱਬ ਹੈ, ਜਿੱਥੋਂ ਤੱਕ ਦੌਰੇ ਦਾ ਤੁਅੱਲਕ ਹੈ, ਕੈਨੇਡਾ ਤਕਰੀਬਨ ਪੂਰਾ ਹੋ ਹੀ ਚੁੱਕਾ ਹੈ। ਇੰਗਲੈਂਡ, ਅਮਰੀਕਾ ਅਤੇ ਜਰਮਨੀ ਬਾਕੀ ਹੈ।

? ਗੀਤ ਲਿਖਣ ਦਾ ਸ਼ੌਕ ਤੁਹਾਨੂੰ ਕਦੋਂ ਤੋਂ ਹੋਇਆ ਅਤੇ ਕੀ ਤੁਸੀਂ ਗੀਤ ਲਿਖਣੇ ਅਤੇ ਗਾਉਣਾ ਇੱਕੋ ਹੀ ਸਮੇਂ ਸ਼ੁਰੂ ਕੀਤਾ?

- ਇੱਕੋ ਸਮੇਂ ਤੇ ਹੀ ਕਿਹਾ ਜਾ ਸਕਦਾ ਹੈ। ਕਲਾ ਦਾ ਕੋਈ ਨਜ਼ਰੀਆ ਕਿਸੇ ਵਿਚ ਪਹਿਲਾਂ ਪੈਦਾ ਹੋ ਜਾਂਦਾ ਹੈ ਕਿਸੇ 'ਚ ਬਾਅਦ ਵਿਚ। ਕਲਾ ਹਮੇਸ਼ਾ ਪੈਦਾਇਸ਼ੀ ਹੁੰਦੀ ਹੈ, ਬਾਅਦ 'ਚ ਉਹਨੂੰ ਸਿਰਫ ਪਾਲਿਸ਼ ਕੀਤਾ ਜਾ ਸਕਦਾ ਹੈ। ਸ਼ੌਕ ਬਚਪਨ ਦਾ ਸੀ ਤੇ ਵਧਦਾ ਵਧਦਾ ਇੱਥੋਂ ਤੱਕ ਪਹੁੰਚ ਗਿਆ।

? ਕੀ ਇਹ ਚੀਜ਼ ਤੁਹਾਨੂੰ ਵਿਰਸੇ ਵਿਚ ਮਿਲੀ?

- ਵਿਰਸਾ ਨਹੀਂ ਕਿਹਾ ਜਾ ਸਕਦਾ। ਕਿਉਂਕਿ ਸਾਡੇ ਘਰਦੇ ਬਜ਼ੁਰਗਾਂ 'ਚੋਂ ਕੋਈ ਨਹੀਂ ਗਾਉਂਦਾ ਸੀ। ਹਾਂ, ਸਾਡੇ ਬਜ਼ੁਰਗ ਕਦੇ ਕਦੇ ਕਿੱਸਾ-ਕਾਵਿ ਨੂੰ ਤਰੰਨਮ ਵਿਚ ਜ਼ਰੂਰ ਪੜ੍ਹਿਆ ਕਰਦੇ ਸਨ।

? ਉਹ ਕਿਹੜੀ ਐਸੀ ਨਵੀਨਤਾ ਹੈ ਜੋ ਤੁਹਾਡੇ ਗੀਤ ਲਿਖਣ ਤੇ ਗਾਉਣ ਦੇ ਅੰਦਾਜ਼ ਨੂੰ ਦੂਜੇ ਗਾਇਕਾਂ ਨਾਲੋਂ ਵਖਰਿਆਂ ਕਰਦੀ ਹੈ?

- ਅਸ਼ਲੀਲਤਾ ਤੋਂ ਪਰ੍ਹੇ ਹਟ ਕੇ ਜਦੋਂ ਕੋਈ ਗੱਲ ਕੀਤੀ ਹੈ.... ਜਦੋਂ ਕਿਸੇ ਚੀਜ਼ ਨੂੰ ਸਰੋਤੇ ਅਪਣਾ ਲੈਣ ਤਾਂ ਉਹ ਮਕਬੂਲੀਅਤ ਹਾਸਲ ਕਰ ਲੈਂਦੀ ਹੈ। ਮੇਰੀ ਇਹ ਖੁਸ਼ਕਿਸਮਤੀ ਹੈ ਕਿ ਪੰਜਾਬੀ ਸਰੋਤਿਆਂ ਨੇ ਮੈਨੂੰ ਅਪਣਾਇਆ ਹੈ, ਜਿਹੜੇ ਦੋ-ਗਾਣੇ ਸਾਡੀਆਂ ਸਟੇਜਾਂ ਤੇ ਗਾਏ ਜਾਂਦੇ ਸਨ, ਉਨ੍ਹਾਂ ਨੂੰ ਸੁਣ ਸੁਣ ਕੇ ਲੋਕ ਅੱਕ ਗਏ ਸੀ। ਉਨ੍ਹਾਂ ਨੂੰ ਨਵੀਂ ਚੀਜ਼ ਦੀ ਲੋੜ ਸੀ।

? ਤੁਸੀਂ ਦੂਜੇ ਪੰਜਾਬੀ ਗਾਇਕਾਂ ਤੋਂ ਪਰ੍ਹੇ ਹਟ ਕੇ ਜਿਹੜਾ ਰਾਹ ਅਪਣਾਇਆ ਹੈ ਭਾਵ ਇਕ ਲੜਕੀ ਗਾਇਕਾ ਨੂੰ ਨਾਲ ਲੈਣ ਦੀ ਬਜਾਏ ਇਕ ਨੌਜਵਾਨ ਸਾਥੀ ਜਤਿੰਦਰ ਵੱਤ ਨੂੰ ਨਾਲ ਲੈ ਕੇ ਗਾਉਣਾ ਸ਼ੁਰੂ ਕੀਤਾ ਹੈ, ਕੀ ਤੁਹਾਨੂੰ ਕਿਸੇ ਲੜਕੀ ਦੀ ਅਣਹੋਂਦ ਮਹਿਸੂਸ ਨਹੀਂ ਹੋਈ?

- ਮੇਰੇ ਸਰੋਤਿਆਂ ਨੇ ਕਦੇ ਇਸ ਚੀਜ਼ ਦਾ ਜ਼ਿਕਰ ਨਹੀਂ ਕੀਤਾ। ਸਟੇਜ ਤੇ ਕਦੇ ਕਿਸੇ ਨੇ ਅਜਿਹਾ ਸੁਆਲ ਨਹੀਂ ਉਠਾਇਆ।

? ਤੁਸੀਂ ਆਪਣੇ ਗੀਤਾਂ ਵਿਚ ਹਮੇਸ਼ਾਂ ਨੌਜਵਾਨਾਂ ਨੂੰ ਆਪਣੇ ਮੁਲਕ-ਵਤਨ ਪ੍ਰਤੀ ਤੇ ਕੌਮ ਪ੍ਰਤੀ ਪਿਆਰ ਬਾਰੇ ਉਤਸ਼ਾਹਿਤ ਕਰਦੇ ਹੋ - ਸੱਭਿਆਚਾਰ ਅਤੇ ਸਾਹਿਤ ਉਪਰ ਰਾਜਨੀਤਕ ਅਸਰ ਨੂੰ ਕਿੱਥੋਂ ਤੱਕ ਕਬੂਲਦੇ ਹੋ?

- ਸਿਆਸੀ ਰੰਗਣ ਤਾਂ ਕਿਸੇ ਵੀ ਖੇਤਰ 'ਚ ਚਲੇ ਜਾਉ, ਹੈ ਹੀ। ਕਿਸੇ ਨੂੰ ਉਹਨਾਂ ਨੇ ਸਨਮਾਨਿਤ ਕਰਨਾ ਹੈ ਤਾਂ ਉਹਨਾਂ ਦਾ ਆਪਣਾ ਬੰਦਾ ਹੋਵੇਗਾ ਭਾਵੇਂ ਉਹ ਸਾਹਿਤ ਬਾਰੇ ਸੂਝ ਬੂਝ ਰੱਖਦਾ ਹੈ ਜਾਂ ਨਹੀਂ। ਇਸ ਤਰ੍ਹਾਂ ਖੇਡਾਂ ਵਿਚ ਹੋ ਰਿਹਾ ਹੈ, ਕਿਉਂਕਿ ਮੇਰਾ ਖੇਡਾਂ ਨਾਲ ਵੀ ਤੁਅੱਲਕ ਰਿਹਾ ਹੈ, ਇਸ ਲਈ ਜ਼ਿਕਰ ਕਰ ਰਿਹਾ ਹਾਂ।

? ਸੁਆਲ ਥੋੜ੍ਹਾ ਨਿੱਜੀ ਹੈ - ਕੀ ਤੁਸੀਂ ਆਪਣੀ ਕੋਈ ਸਿਆਸੀ ਵਿਚਾਰਧਾਰਾ ਜਾਂ ਸੋਚ ਰੱਖਦੇ ਹੋ?

? ਮੈਂ ਸਿਆਸੀ ਮੁਆਮਲਿਆਂ 'ਚ ਜ਼ਿਆਦਾ ਦਖ਼ਲ ਨਹੀਂ ਦੇਂਦਾ.... ਕੁਰਸੀ ਪਿੱਛੇ ਲੜਨ ਵਾਲੇ ਲੋਕਾਂ ਬਾਰੇ ਸੋਚਦੇ ਰਹਿਣਾ ਮੇਰੀ ਸਿਰ ਖਪਾਈ ਨਹੀਂ....

? ਪੰਜਾਬੀ ਦੇ ਕੁਝ ਅਜਿਹੇ ਗੀਤਕਾਰ ਤੇ ਗਾਇਕ ਨੇ ਜੋ ਲੋਕਾਂ ਦੇ ਦੁੱਖ ਤੇ ਉਨ੍ਹਾਂ ਦੀ ਹੋਣੀ ਬਾਰੇ ਲਿਖਦੇ ਤੇ ਗਾਉਂਦੇ ਨੇ। ਉਹਨਾਂ ਪ੍ਰਤੀ ਤੁਹਾਡੇ ਕੀ ਵਿਚਾਰ ਨੇ ?

\- ਸਾਨੂੰ ਇਨਕਲਾਬ ਦੀ ਜ਼ਰੂਰਤ ਹੈ। ਸਾਡਾ ਜਿਹੜਾ ਗਰੀਬ ਜਾਂ ਦਰਮਿਆਨਾ ਤਬਕਾ ਹੈ, ਉਹ ਕੁਚਲਿਆ ਜਾ ਰਿਹਾ ਹੈ। ਚੰਦ ਲੋਕ ਜੋ ਧਰਮ ਦੇ ਠੇਕੇਦਾਰ ਬਣੇ ਬੈਠੇ ਨੇ, ਜੋ ਸਰਮਾਏਦਾਰ ਹਨ, ਉਹ ਆਪਣਾ ਸਿੱਕਾ ਜਮਾਉਣ ਲਈ ਤਰ੍ਹਾਂ ਤਰ੍ਹਾਂ ਦੇ ਹਥਿਆਰ ਇਸਤੇਮਾਲ ਕਰ ਰਹੇ ਹਨ। ਜਿਹੜੇ ਗਰੀਬ ਲਿਤਾੜੇ ਜਾ ਰਹੇ ਨੇ, ਇਹ ਗੀਤਕਾਰ ਸਹੀ ਮਾਅਨਿਆਂ 'ਚ ਉਹਨਾਂ ਦੀ ਤਰਜਮਾਨੀ ਕਰਦੇ ਹਨ। ਹੋਰ ਨਹੀਂ ਤਾਂ ਉਹਨਾਂ ਨੂੰ ਇਸੇ ਗੱਲ ਦਾ ਹੀ ਸਹਾਰਾ ਹੈ ਕਿ ਸਾਡੇ ਪਿੱਛੇ ਕੋਈ ਸਾਡੇ ਲਈ ਆਵਾਜ਼ ਤਾਂ ਉਠਾਉਂਦਾ ਹੈ। ਜਿਵੇਂ ਸੰਤ ਰਾਮ ਉਦਾਸੀ ਹੈ, ਸੁਰਜੀਤ ਪਾਤਰ ਤੇ ਸੁਰਜੀਤ ਰਾਮਪੁਰੀ ਹੈ। ਇਹਨਾਂ ਨੇ ਬਹੁਤ ਵੱਡਾ ਉੱਦਮ ਕੀਤਾ ਹੈ ਤੇ ਸੱਚ ਦੀ ਆਵਾਜ਼ ਨੂੰ ਉਠਾਇਆ ਹੈ।

? ਤੁਹਾਡੇ ਗੀਤਾਂ ਵਿਚ ਵਰਤੀ ਗਈ ਸ਼ਬਦਾਵਲੀ 'ਖੂਹ ਦੀਆਂ ਟਿੰਡਾਂ' ਤੇ 'ਵੰਗਾਂ ਦੇ ਟੋਟੇ' ਵਗੈਰਾ ਪਿਆਰ ਦੀ ਕੂਕ ਤੇ ਵਿਛੋੜੇ ਭਰੇ ਗੀਤ ਲਿਖਣ ਲਈ ਬੜੀ ਕਾਮਯਾਬ ਹੈ। ਕੀ ਤੁਸਾਂ ਕਦੇ ਇਸ ਵਿਸ਼ੇ ਤੋਂ ਉਪਰ ਉਠ ਕੇ ਲਿਤਾੜੇ ਜਾ ਰਹੇ ਲੋਕਾਂ ਦੇ ਦੁੱਖ ਦਰਦ ਧਿਆਨ ਕਰਨ ਬਾਰੇ ਵੀ ਸੋਚਿਆ ਹੈ?

\- ਮੈਂ ਪਿੱਛੇ ਜਿਹੇ ਇਕ ਗੀਤ ਲਿਖਿਆ ਸੀ :

"ਇਕ ਨਵੀਂ ਬੀਮਾਰੀ ਚੱਲੀ ਏ ਬਈ ਜਾਗਦੇ ਰਹਿਣਾ
ਘਰ ਘਰ ਦੇ ਵਿਚ ਛਿੜੀ ਲੜਾਈ ਹਰ ਬੂਹੇ ਤਰਥੱਲੀ ਏ
ਬਈ ਜਾਗਦੇ ਰਹਿਣਾ....
ਗਿਰਗਿਟ ਵਾਂਗੂੰ ਰੰਗ ਬਦਲਦਾ, ਫੈਸ਼ਨ ਵਾਂਗੂੰ ਬੋਲੀ
ਕਿੱਤ ਗਰੀਬਾਂ ਨੂੰ ਨਵੇਂ ਰੂਪ ਵਿਚ, ਲੁੱਟੀ ਜਾਏ ਰਵੇਲੀ
ਆਪਣੀ ਧੀ ਤੇ ਧੀ ਭੈਣ ਹੈ, ਲੋਕਾਂ ਦੀ ਬੇਗਾਨੀ
ਕੂੜ ਕੁਫ਼ਰ ਤੇ ਕੂੜ ਬੋਲਣੀ, ਅੱਜ ਦੇ ਯੁੱਗ ਵਿਚ ਸਿਆਣੀ
ਜੇ ਮੈਂ ਸੱਚ ਦਾ ਹੋਕਾ ਦੇਵਾਂ ਲੋਕੀਂ ਕਹਿਣ ਅਵੱਲੀ ਏ
ਬਈ ਜਾਗਦੇ ਰਹਿਣਾ.....

ਮਰ ਜਾਣੇ ਨੂੰ ਛੱਡੋ 'ਮਾਨਾਂ', ਜੀਵਣ ਜੋਗੇ ਹੋਵੋ
ਗੁਰੂ ਗੋਬਿੰਦ ਦੇ ਬੱਬਰ ਸ਼ੇਰੋ, 'ਨ੍ਹੇਰਾ ਹੀ ਨਾ ਢੋਵੋ
ਹਿੰਦੂ ਅਤੇ ਮੁਸਲਮਾਨ, ਤੇਰੇ ਛੋਟੇ ਵੱਡੇ ਭਾਈ
ਜਿਨ੍ਹਾਂ ਖ਼ਾਤਰ ਸਾਡੇ ਗੁਰੂਆਂ, ਰਣ ਵਿਚ ਤੇਗ ਵਗਾਈ
ਰਾਮ, ਮੁਹੰਮਦ, ਨਾਨਕ ਇੱਕੋ, ਸਾਡੀ ਸੋਚ ਕਵੱਲੀ ਏ
ਬਈ ਜਾਗਦੇ ਰਹਿਣਾ......"

? ਗੱਲਾਂ ਚੋਂ ਹੀ ਗੱਲ ਹੈ : ਪੰਜਾਬ ਦੀ ਅਜੋਕੀ ਪੈਦਾ ਹੋਈ ਸਥਿਤੀ ਬਾਰੇ ਤੁਹਾਡੇ ਕੀ ਵਿਚਾਰ ਨੇ ?

\- ਇਹਦੇ 'ਤੇ ਵੀ ਮੈਂ ਇਕ ਗੀਤ ਲਿਖਿਆ ਹੈ :

"ਇਹ ਕੈਸੀ ਰੁੱਤ ਆਈ ਨੀ ਮਾਏ ਇਹ ਕੈਸੀ ਰੁੱਤ ਆਈ
ਹਿੰਦੂ ਸਿੱਖ ਮੁਸਲਿਮ ਨਾ ਸਮਝਣ ਇਕ ਦੂਜੇ ਨੂੰ ਭਾਈ ਨੀ ਮਾਏ....

ਸਿਆਸਤਦਾਨਾਂ ਦੇ ਪਿੱਛੇ ਲੱਗ ਲੋਕ ਕਰੀ ਕੀ ਜਾਂਦੇ
ਰਾਮ, ਮੁਹੰਮਦ, ਨਾਨਕ ਤੇਰੇ ਲੋਕ ਕਰੀ ਕੀ ਜਾਂਦੇ
ਮੂੰਹ ਵਿਚ ਤੇਰਾ ਨਾਮ ਬਗਲ ਵਿਚ ਛੁਰੀਆਂ ਫਿਰਨ ਲੁਕਾਈ ਨੀ ਮਾਏ .....

ਧਰਮ ਦੇ ਨਾਂ 'ਤੇ ਕੀ ਕੀ ਕਰਿਆ ਧਰਮ ਦੇ ਠੇਕੇਦਾਰਾਂ
ਆਪ ਤੇ ਭਾਸ਼ਣ ਦੇ ਕੇ ਤੁਰ ਗਏ ਸਿਰ ਪੜਵਾ ਲਏ ਯਾਰਾਂ
ਘਰ ਬੈਠੀ ਮਾਂ ਪੁੱਤ ਉਡੀਕੇ ਭੈਣ ਉਡੀਕੇ ਭਾਈ ਨੀ ਮਾਏ.....
ਇਹ ਕੈਸੀ ਰੁੱਤ ਆਈ.... "

( ਬਾਕੀ ਸਫ਼ਾ 22 )

ਸਥਾਈ ਕਾਲਮ
(ਸੁਖਵੰਤ ਹੁੰਦਲ)

# ਦੂਰੋਂ ਨੇੜਿਓਂ

## ੧. ਬੁੱਢਿਆਂ ਵਿੱਚ ਜੁਰਮ ਦੀ ਦਰ ਵਿੱਚ ਵਾਧਾ

ਨੌਂ ਜਨਵਰੀ 1980 ਨੂੰ ਸੀ. ਬੀ. ਐੱਸ (C.B.S.) ਦੇ 60 ਮਿੰਟ (SIXTY MINUTES) ਨਾਂ ਦੇ ਨਿਊਜ਼ ਮੈਗਜ਼ੀਨ ਵਿਚ ਅਮਰੀਕਾ ਵਿਚ ਬੁੱਢਿਆਂ (SENIOR CITIZENS) ਵਿਚ ਜੁਰਮ ਦੀ ਦਰ ਵਿਚ ਹੈਰਾਨੀ-ਜਨਕ ਵਾਧਾ ਹੋਣ ਬਾਰੇ ਇਕ ਰੀਪੋਰਟ ਪੇਸ਼ ਕੀਤੀ ਗਈ। ਇਸ ਰੀਪੋਰਟ ਅਨੁਸਾਰ ਪਿਛਲੇ ਦਹਾਕੇ (1970-80) ਦੇ ਦੌਰਾਨ 55 ਸਾਲਾਂ ਤੋਂ ਉੱਪਰ ਉਮਰ ਦੇ ਲੋਕਾਂ ਵਲੋਂ ਕੀਤੇ ਜਾਂਦੇ ਜੁਰਮਾਂ ਵਿਚ 46% ਦੇ ਲਗਭਗ ਵਾਧਾ ਹੋਇਆ ਹੈ। ਇਕੱਲੇ 1982 ਦੌਰਾਨ 55 ਸਾਲਾਂ ਤੋਂ ਵੱਧ ਉਮਰ ਦੇ ਪੰਜ ਲੱਖ ਲੋਕ ਦੁਕਾਨਾਂ ਵਿਚੋਂ ਚੋਰੀ (SHOP LIFTING) ਕਰਨ ਦੇ ਜੁਰਮ ਅਧੀਨ ਫੜੇ ਗਏ। ਸਭ ਤੋਂ ਗੰਭੀਰ ਗੱਲ ਇਹ ਹੈ ਕਿ ਇਹਨਾਂ ਵਿਚੋਂ ਬਹੁਤਿਆਂ ਦਾ ਜ਼ਿੰਦਗੀ ਵਿਚ ਇਹ ਪਹਿਲਾ ਜੁਰਮ ਹੈ।

ਇਸ ਰੀਪੋਰਟ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਰਮਾਏਦਾਰੀ ਸਮਾਜ ਜਿਸਨੂੰ ਇਹ ਸਭ ਤੋਂ ਵਧੀਆ ਦੱਸਦੇ ਨਹੀਂ ਥੱਕਦੇ, ਕਿਸ ਤਰਾਂ ਦੀਆਂ ਸਮਾਜਿਕ ਮੁਸ਼ਕਲਾਂ ਦੀ ਦਲਦਲ ਵਿਚ ਖੁੱਭਿਆ ਹੋਇਆ ਹੈ।

ਇਸ ਦੇ ਨਾਲ ਹੀ 'ਰੀਗਨ' ਸਰਕਾਰ ਵਲੋਂ ਇਕ ਪਾਸੇ ਇਨ੍ਹਾਂ ਬਜ਼ੁਰਗਾਂ ਦੇ ਸੁਧਾਰ ਲਈ ਚਲਾਏ ਜਾਂਦੇ ਪ੍ਰੋਗਰਾਮਾਂ ਦੇ ਬੱਜਟਾਂ ਉੱਪਰ ਪੈਸੇ ਦੀ ਅਣਹੋਂਦ ਦਾ ਕਾਰਨ ਦੱਸ ਕੇ ਕਟੌਤੀ ਲਾਉਣਾ ਪਰ ਦੂਜੇ ਪਾਸੇ ਜੰਗੀ ਹਥਿਆਰਾਂ ਉਪਰ ਅੰਤਾਂ ਦਾ ਖਰਚ ਕਰਨਾ ਇਹ ਵੀ ਸਾਫ਼ ਕਰਦਾ ਹੈ ਕਿ ਇਹ ਸਮਾਜ ਮਨੁੱਖਤਾ ਬਾਰੇ ਕਿੰਨੀ ਕੁ ਜ਼ਿੰਮੇਵਾਰੀ ਤੇ ਹਮਦਰਦੀ ਰੱਖਦਾ ਹੈ। ●

## ੨. ਪੋਰਨੋਗਰਾਫੀ ਦਾ ਵਿਰੋਧ

ਪੇ ਟੀ. ਵੀ. (PAY T.V.) ਵਾਲਿਆਂ ਨੇ ਤਿੰਨਾਂ ਵਿਚੋਂ ਇਕ ਚੈੱਨਲ ਫਸਟ ਚੁਆਇਸ (FIRST CHOICE) ਉਪਰ ਪਲੇ-ਬੁਆਏ (PLAYBOY) ਦੇ ਪ੍ਰੋਗਰਾਮ ਅਤੇ ਫਿਲਮਾਂ ਵਿਖਾਉਣ ਦਾ ਫੈਸਲਾ ਕੀਤਾ ਹੈ। ਪਿਛਲੇ ਕੁਝ ਮਹੀਨਿਆਂ ਵਿਚ 'ਨੰਗੀਆਂ' ਫਿਲਮਾਂ ਦੀਆਂ ਵੀਡੀਓ ਵੇਚਣ ਅਤੇ ਕਿਰਾਏ 'ਤੇ ਦੇਣ ਵਾਲੇ ਸਟੋਰਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਪਲੇ ਬੁਆਏ ਦੀਆਂ ਅਤੇ ਦੂਸਰੀਆਂ ਫਿਲਮਾਂ ਦਾ ਵਿਸ਼ਾ ਸਿਰਫ ਇਕ ਹੀ ਧੁਰੇ ਦੁਆਲੇ ਘੁੰਮਦਾ ਹੈ: "ਔਰਤ, ਮਰਦ ਲਈ ਇਕ ਵਸਤੂ ਹੈ, ਉਸਦੇ ਮਨ-ਪਰਚਾਵੇ ਲਈ ਇਕ ਖਿਡੌਣਾ ਹੈ। ਕੁਝ ਸਮਾਂ ਉਸ ਨਾਲ ਖੇਡੋ ਫਿਰ ਸੁੱਟ ਦਿਉ।"

ਬੀ. ਸੀ. ਵਿਚਲੀ ਔਰਤਾਂ ਦੀ ਫੈਡਰੇਸ਼ਨ (B.C. FEDRATION OF WOMEN) ਅਨੁਸਾਰ ਇਸ ਸਮੇਂ ਕੈਨੇਡਾ ਵਿਚ ਹਰ ਸਤਾਰਾਂ ਮਿੰਟ ਬਾਅਦ ਇਕ ਰੇਪ ਹੁੰਦਾ ਹੈ। ਹਰ ਅੱਠਾਂ ਵਿਚੋਂ ਇਕ ਔਰਤ ਜਾਂ ਕੁੜੀ ਨਾਲ 18 ਸਾਲ ਦੀ ਉਮਰ ਤੋਂ ਪਹਿਲਾਂ ਰੇਪ ਜਾਂ ਰੇਪ ਵਰਗੀ ਘਟਨਾ ਵਾਪਰਦੀ ਹੈ।

ਮੌਨਟਰੀਅਲ ਵਿਖੇ ਵਾਈ. ਐਮ. ਸੀ. ਏ (Y.M.C.A.) ਦੇ ਇਕ ਸਰਵੇ ਵਿਚ ਹਿੱਸਾ ਲੈਣ ਵਾਲੀਆਂ ਔਰਤਾਂ ਵਿਚੋਂ 64% ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਮ ਉਪਰ ਛੇੜਖਾਨੀ (SEXUAL HARASSMENT) ਦਾ ਸਾਹਮਣਾ ਕਰਨਾ ਪੈਂਦਾ ਹੈ।

ਉਪਰਲੇ ਅੰਕੜਿਆਂ ਵਿਚ ਇਹ 'ਨੰਗੀਆਂ' ਫਿਲਮਾਂ ਕਿੰਨਾ ਕੁ ਵਾਧਾ ਕਰ ਸਕਦੀਆਂ ਹਨ, ਇਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। ਉਂਜ ਵੀ ਅਜੇਹੇ ਮੰਦਹਾਲੀ ਦੇ ਸਮੇਂ ਜਦੋਂ ਆਮ ਲੋਕਾਂ ਲਈ ਇਕੱਠੇ ਹੋ ਕੇ ਬੇਰੁਜ਼ਗਾਰੀ ਵਿਰੁਧ ਲੜਨਾ ਜ਼ਰੂਰੀ ਹੈ, ਉਦੋਂ ਔਰਤਾਂ ਬਾਰੇ ਅਜੇਹਾ ਨਜ਼ਰੀਆ (ਜੋ ਇਹਨਾਂ ਫਿਲਮਾਂ ਵਿਚ ਪੇਸ਼ ਕੀਤਾ ਜਾਂਦਾ ਹੈ) ਲੋਕਾਂ ਤੱਕ ਪਹੁੰਚਣਾ ਬਹੁਤ ਹਾਨੀਕਾਰਕ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਨ੍ਹਾਂ ਫਿਲਮਾਂ ਦੇ ਹੋ ਰਹੇ ਵਿਰੋਧ ਵਿਚ ਯੋਗ ਹਿੱਸਾ ਪਾਉਣਾ ਜ਼ਰੂਰੀ ਹੈ। ●

(VANCOUVER, B.C.)

ਸਥਾਈ ਕਾਲਮ

# ਵਤਨ ਦੀ ਵਾਅ

(ਸਤਵੰਤ)

ਦੇਸ਼ ਤੋਂ ਪੁਜੀਆਂ ਖ਼ਬਰਾਂ ਅਨੁਸਾਰ ਆਸਾਮ ਵਿਚ ਗ਼ੈਰ-ਆਸਾਮੀਆਂ ਦੇ ਮਸਲੇ ਨੂੰ ਲੈਕੇ; ਕਿਸੇ ਲੋਕ-ਪੱਖੀ ਇਨਕਲਾਬੀ ਤਾਕਤਾਂ ਦੀ ਘਾਟ ਕਰਕੇ ਪਿਛਾਖੜੀ ਤਾਕਤਾਂ ਵੱਲੋਂ ਚਲਾਇਆ ਗਿਆ ਘੋਲ ਇਸ ਸਮੇਂ ਬਹੁਤ ਗੰਭੀਰ ਹਾਲਤ ਅਖ਼ਤਿਆਰ ਕਰ ਗਿਆ ਹੈ, ਜਿਸਨੂੰ ਹੁਕਮਰਾਨ ਇੰਦਰਾ-ਜੁੰਡਲੀ ਕੰਟਰੋਲ ਤੋਂ ਅਸਮਰੱਥ ਰਹੀ ਹੈ। ਇਕੀ ਫਰਵਰੀ ਦੇ (↑ ਕਲ) ਐਡਮੰਟਨ ਜਰਨਲ ਵਿਚ ਲੱਗੀ ਖ਼ਬਰ ਅਨੁਸਾਰ ਫਿਰਕੂ ਹਿੰਦੂ ਕਬਾਈਲੀਆਂ ਨੇ ਆਸਾਮ ਦੇ ਨੀਲੀ ਜ਼ਿਲੇ ਦੇ ਸਤਾਰਾਂ ਪਿੰਡਾਂ ਵਿਚ ਟਕੂਏ, ਬਰਛੇ, ਅਤੇ ਚਾਕੂਆਂ ਨਾਲ ਤਕਰੀਬਨ 1000 ਪ੍ਰਵਾਸੀ ਬੰਗਾਲੀ ਮੁਸਲਮਾਨਾਂ ਨੂੰ, ਜਿਨ੍ਹਾਂ ਵਿਚ ਬਹੁ-ਗਿਣਤੀ ਔਰਤਾਂ ਤੇ ਬੱਚਿਆਂ ਦੀ ਸੀ, ਵਹਿਸ਼ੀ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦੁਖਾਂਤ ਦਾ ਤਤਕਾਲਿਕ ਕਾਰਨ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਪ੍ਰਵਾਸੀ ਬੰਗਾਲੀਆਂ ਨੂੰ ਵੋਟ ਦੇ ਹੱਕ ਦੇਕੇ ਆਪਣੇ ਪੱਖ ਵਿਚ ਭੁਗਤਾਣਾ ਅਤੇ ਸਥਾਨਕ ਹਿੰਦੂ ਵੋਟਰਾਂ ਵੱਲੋਂ ਚੋਣਾਂ ਦਾ ਬਾਈਕਾਟ ਕਰਨਾ ਹੈ।

ਪਿਛਾਖੜੀ ਤਾਕਤਾਂ ਵੱਲੋਂ ਚਲਾਏ ਇਸ ਘੋਲ ਨੂੰ ਅਮਰੀਕਾ-ਪੱਖੀ ਸ਼ਕਤੀਆਂ ਦੀ ਪੂਰੀ ਹਮਾਇਤ ਹਾਸਲ ਹੈ। ਇਸ ਦਾ ਪ੍ਰਮਾਣ ਪਿੱਛੇ ਜਿਹੇ ਹੀ ਹਿੰਦੁਸਤਾਨ ਦੇ ਪ੍ਰਮੁੱਖ ਅਖ਼ਬਾਰਾਂ ਵਿਚ ਲੱਗੀ ਇਸ ਖ਼ਬਰ ਤੋਂ ਮਿਲਦਾ ਹੈ ਕਿ ਅਮਰੀਕਨ ਸਾਮਰਾਜ ਦੀ ਹਿੰਦੁਸਤਾਨ ਨੂੰ ਟੁਕੜੇ ਟੁਕੜੇ ਕਰਕੇ ਭਾਰਤੀ ਉਪ ਮਹਾਂਦੀਪ ਵਿਚੋਂ ਰੂਸੀ ਸਮਾਜਕ ਸਾਮਰਾਜ ਦਾ ਅਸਰ ਖ਼ਤਮ ਕਰਨ ਦੀ ਸਾਜ਼ਿਸ਼ ਲੱਗੀ ਹੋ ਰਹੀ ਹੈ। ਖ਼ਬਰਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਦੇ ਪ੍ਰਧਾਨ ਨੇ ਖ਼ੁਫ਼ੀਆ ਏਜੰਸੀ ਨੂੰ ਹਦਾਇਤ ਦਿੱਤੀ ਹੈ ਕਿ ਉਹ ਭਾਰਤ ਵਿਚ ਫਿਰਕੂ ਦੰਗੇ ਭੜਕਾਉਣ ਲਈ ਕਾਰਵਾਈਆਂ ਕਰੇ ਤਾਂ ਕਿ ਲੋਕਾਂ ਨੂੰ ਜਾਤਪਾਤ, ਧਰਮ, ਨਸਲ ਅਤੇ ਇਲਾਕਿਆਂ ਦੇ ਆਧਾਰ'ਤੇ ਫਿਰਕੂ ਜ਼ਹਿਰ ਚਾੜ੍ਹਕੇ ਹਿੰਦੁਸਤਾਨ ਦੇ ਟੋਟੇ ਟੋਟੇ ਕਰ ਦਿੱਤੇ ਜਾਣ।

ਅਮਰੀਕੀ ਸਾਮਰਾਜ ਦੀ ਇਹ ਹਰਕਤ ਉਸ ਵੱਲੋਂ ਸੋਚੀ ਸਮਝੀ ਲੰਬੀ-ਚੌੜੀ ਨੀਤੀ ਦੀ ਹੀ ਇਕ ਕੜੀ ਹੈ। ਦੂਜੀ ਸੰਸਾਰ ਜੰਗ ਦੌਰਾਨ ਬਰਤਾਨਵੀ ਸਾਮਰਾਜ ਦੀ ਸੰਸਾਰ ਚੌਧਰ ਖ਼ਤਮ ਹੋਣ ਅਤੇ ਉਸਦੇ ਸ਼ਰੀਕ ਅਮਰੀਕੀ ਸਾਮਰਾਜ ਦੀ ਚੌਧਰ ਕਾਇਮ ਹੋ ਜਾਣ ਵੇਲੇ ਤੋਂ ਹੀ ਅਮਰੀਕੀ ਸਾਮਰਾਜ ਦੀਆਂ ਸਮੇਂ ਸਮੇਂ ਸਿਰ ਹਿੰਦੁਸਤਾਨ ਨੂੰ ਆਪਣੇ ਗਲਬੇ ਹੇਠ ਲੈਣ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ ਹਨ। ਪਿਛਲੇ ਸਮੇਂ ਵਿਚ ਵਾਪਰੀਆਂ ਘਟਨਾਵਾਂ: ਹਿੰਦੁਸਤਾਨ ਵਿਚ ਰੂਸੀ-ਪੱਖ ਦਾ ਭਾਰੂ ਹੋਣਾ, ਰੂਸ ਦੀ ਸ਼ਹਿ 'ਤੇ ਹਿੰਦ ਵੱਲੋਂ ਪਾਕਿਸਤਾਨ ਦੇ ਟੁਕੜੇ ਕਰਨਾ (ਬੰਗਲਾ ਦੇਸ਼ ਦਾ ਬਣਨਾ), ਅਮਰੀਕੀ ਪੱਖ ਦੀ ਜਨਤਾ ਪਾਰਟੀ ਨੂੰ ਹਰਾਕੇ ਰੂਸ-ਪੱਖੀ ਇੰਦਰਾ ਸਰਕਾਰ ਦਾ ਮੁੜ ਤਾਕਤ ਵਿਚ ਆਉਣਾ, ਇਰਾਨ ਦਾ ਅਮਰੀਕਾ ਦੀ ਜਕੜ ਵਿਚੋਂ ਨਿਕਲਣਾ, ਅਫ਼ਗਾਨਿਸਤਾਨ ਵਿਚ ਰੂਸੀ ਸਮਾਜਕ ਸਾਮਰਾਜੀਆਂ ਦਾ ਕਬਜ਼ਾ ਅਤੇ ਅਨੇਕਾਂ ਹੋਰ ਕਾਰਨਾਂ ਕਰਕੇ ਅਮਰੀਕਨ ਸਾਮਰਾਜੀਆਂ ਦੇ ਮੁਕਾਬਲੇ ਰੂਸੀ ਸਮਾਜਕ ਸਾਮਰਾਜ ਜਦੋਂ ਸ਼ਰੀਕ ਵੱਜੋਂ ਉਭਰਿਆ ਤਾਂ ਅਮਰੀਕਾ ਦੀ ਹਾਲਤ ਹਿੰਦੁਸਤਾਨ ਵਿਚ ਹੋਰ ਵੀ ਪਤਲੀ ਪੈ ਗਈ। ਇਸ ਹਾਲਤ ਵਿਚੋਂ ਉਪਜੇ ਤਣਾਉ ਕਾਰਨ ਅਮਰੀਕੀ ਸਾਮਰਾਜ ਨੇ ਹਰ ਤਰਾਂ ਦੇ ਹੱਥਕੰਡੇ ਵਰਤ ਕੇ ਹਿੰਦੁਸਤਾਨ 'ਚੋਂ ਰੂਸੀ ਪ੍ਰਭਾਵ ਖ਼ਤਮ ਕਰਨ ਅਤੇ ਆਪਣੀ ਪੈਂਠ ਜਮਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ।

ਪੰਜਾਬ ਦੀ ਮੌਜੂਦਾ ਰਾਜਨੀਤਕ ਸਥਿਤੀ ਨੂੰ ਵੀ ਇਸੇ ਸੰਦਰਭ ਵਿਚ ਦੇਖਣਾ ਹੋਵੇਗਾ। ਅਮਰੀਕੀ ਸਾਮਰਾਜ ਦੇ ਇਸ਼ਾਰਿਆਂ'ਤੇ ਨੱਚਣ ਵਾਲੇ ਕੁਝ ਕੁ ਅਕਾਲੀ ਲੀਡਰਾਂ ਵੱਲੋਂ ਕੇਵਲ ਸਿੱਖਾਂ ਲਈ ਹੀ ਚਲਾਇਆ ਅਖੌਤੀ 'ਧਰਮ-ਯੁੱਧ' ਅਤੇ ਖ਼ਾਲਿਸਤਾਨ ਦੇ ਵੱਖਵਾਦੀ ਨਾਅਰੇ ਆਦਿ ਹਿੰਦੁਸਤਾਨ ਜਾਂ ਪੰਜਾਬ ਦੇ ਸਾਧਾਰਨ ਮਿਹਨਤਕਸ਼ ਲੋਕਾਂ ਨੂੰ ਉਨ੍ਹਾਂ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਨਿਜਾਤ ਨਹੀਂ ਦੁਆ ਸਕਦੇ। ਇਸ 'ਯੁੱਧ' ਦਾ ਮੰਤਵ ਰੋਜ਼ਾਨਾ ਜ਼ਿੰਦਗੀ ਦੀਆਂ ਔਕੜਾਂ ਤੋਂ ਤੰਗ ਆਏ ਅਤੇ ਘੋਲ ਦੇ ਰਾਹ ਪਏ ਲੋਕਾਂ ਨੂੰ ਪਿਛਾਖੜੀ ਯੁੱਧ ਦੀ ਜਿੱਲ੍ਹਣ ਵਿਚ ਫਸਾਕੇ ਇਨਕਲਾਬੀ ਰੌਂ ਦੀ ਧਾਰ ਨੂੰ ਖੁੰਢਿਆਂ ਕਰਨਾ ਅਤੇ ਸਿੱਟੇ ਵਜੋਂ ਆਪਣੇ ਆਕਾ ਅਮਰੀਕੀ ਸਾਮਰਾਜ ਦੀ ਸੇਵਾ ਕਮਾਉਣਾ ਹੈ। ਪੰਜਾਬ ਵਿਚ ਹੁਣ ਅਕਾਲੀ ਲੀਡਰਾਂ ਵੱਲੋਂ ਸਿੱਖ ਅਫ਼ਸਰਾਂ ਨੂੰ ਅਸਤੀਫ਼ੇ ਦੇਣ; ਸਿੱਖਾਂ ਅਤੇ ਗ਼ੈਰ-ਸਿੱਖਾਂ ਵਿਚ ਖਿਚੋਤਾਣ ਵਧਾਉਣਾ, ਗਊਆਂ ਦੇ ਸਿਰ ਵੱਢਕੇ ਮੰਦਰਾਂ 'ਚ ਸੁਟਵਾਉਣੇ, ਫਿਰਕੂ ਬਿਆਨ ਦਾਗਣੇ ਅਤੇ ਹਿੰਸਕ ਕਾਰਵਾਈਆਂ ਕਰਨਾ; ਆਸਾਮ ਵਰਗੀ ਹਾਲਤ ਦਾ ਇਸ਼ਾਰਤਕ ਸੰਕੇਤ ਹਨ।

ਇਸ ਵਕਤ ਪੰਜਾਬ, ਆਸਾਮ ਅਤੇ ਕਈ ਹੋਰ ਸੂਬਿਆਂ ਵਿਚ ਫਿਰਕਾਪ੍ਰਸਤੀ ਦੀ ਧੂਣੀ ਧੁੱਖ ਰਹੀ ਹੈ ਅਤੇ ਕਿਤੇ ਕਿਤੇ ਜਾਹਰਾ ਭਾਂਬੜ ਬਣ ਗਈ ਹੈ। ਇਸ ਦੇਸ਼-ਵਿਆਪੀ ਸਾਜ਼ਸ਼, ਜਿਸ ਵਿਚ ਸਾਰਾ ਹਿੰਦੁਸਤਾਨ ਗ੍ਰਸਿਆ ਹੋਇਆ ਹੈ, ਨੂੰ ਨੰਗਾ ਕਰਕੇ ਚਕਨਾਚੂਰ ਕਰਨਾ ਲੋਕ-ਪੱਖੀ ਇਨਕਲਾਬੀ ਤਾਕਤਾਂ ਲਈ ਸਮੇਂ ਦੀ ਵੰਗਾਰ ਹੈ। ●

(EDMONTON, ALBERTA)

ਕਹਾਣੀ :

# ਅੰਦਰਲੀ ਔਰਤ

ਕੇ. ਸੀ. ਮੋਹਨ

ਉਹ ਇਕ ਅਰਸੇ ਤੋਂ ਸਲਮਾ ਵਿਚਲੀ ਔਰਤ ਦੀ ਤਲਾਸ਼ ਕਰ ਰਿਹਾ ਸੀ। ਉਹ ਉਸਦੇ ਦਿਲ ਦੇ ਉਸ ਕੋਨੇ ਨੂੰ ਲੱਭ ਰਿਹਾ ਸੀ ਜਿਸ ਵਿਚ ਸ਼ਾਇਦ ਉਸ ਲਈ ਕਿਤੇ ਪਿਆਰ ਲੁਕਿਆ ਹੋਵੇ। ਉਸਨੂੰ ਆਪਣੇ ਅੰਦਰ ਧੜਕਦੇ ਦਿਲ ਦਾ ਅਹਿਸਾਸ ਸੀ। ਪਰ ਹੁਣ ਤਾਂ ਉਹ ਇਸ ਖੋਜ ਤੋਂ ਉਕਤਾ ਗਿਆ ਸੀ। ਪਰ ਫਿਰ ਕਈ ਵਾਰ ਉਹ ਤੇਨਜ਼ਿੰਗ ਨੂੰ ਯਾਦ ਕਰਦਾ ਜਿਸਨੇ ਮਾਊਂਟ ਐਵਰੈਸਟ ਸਰ ਕਰ ਲਈ ਸੀ ਤੇ ਕਈ ਵਾਰ ਰਾਜੇ ਬਰੂਸ ਨੂੰ ਯਾਦ ਕਰਦਾ ਜਿਸਨੇ ਸਭ ਕੁਝ ਖੋਹ ਕੇ ਮੁੜ ਪਾ ਲਿਆ ਸੀ। ਉਸਨੂੰ ਉਮੀਦ ਬੱਝ ਜਾਂਦੀ ਕਿ ਉਹ ਜ਼ਰੂਰ ਸਲਮਾ ਅੰਦਰਲੀ ਔਰਤ ਨੂੰ ਪਾ ਲਵੇਗਾ। ਅਜੇਹੇ ਖ਼ਿਆਲ ਫਿਰ ਉਸ ਵਿਚ ਬਾਲਣ ਝੋਕ ਦਿੰਦੇ ਤੇ ਉਹ ਫਿਰ ਆਪਣੀ ਖੋਜ ਵਿਚ ਜੁਟ ਜਾਂਦਾ।

ਦਫ਼ਤਰ ਬੈਠਾ ਉਹ ਵਿਉਂਤਾਂ ਘੜਦਾ ਰਹਿੰਦਾ ਕਿ ਉਹ ਸਲਮਾ ਨੂੰ ਆਖੇਗਾ 'ਚਲ ਅੱਜ ਕਿਤੇ ਦੋਵੇਂ ਇਕੱਲੇ ਚਲੀਏ ਕਿਸੇ ਪਾਰਕ ਜਾਂ ਲਾਅਨ ਵਿਚ ਤੇ ਬੈਠ ਕੇ ਰੱਜ ਕੇ ਗੱਲਾਂ ਕਰੀਏ ਅਤੀਤ ਬਾਰੇ ਅਤੇ ਭਵਿੱਖ ਬਾਰੇ।' ਪਰ ਘਰ ਆ ਕੇ ਉਹਦੀਆਂ ਸਾਰੀਆਂ ਵਿਉਂਤਾਂ ਤੇ ਪਾਣੀ ਫਿਰ ਜਾਂਦਾ। ਉਸ ਨੂੰ ਸਮਝ ਨਾ ਪੈਂਦੀ ਗੱਲ ਕਿਥੋਂ ਸ਼ੁਰੂ ਕਰੇ। ਜੇਕਰ ਉਹ ਸ਼ੁਰੂ ਕਰ ਵੀ ਲੈਂਦਾ ਤਾਂ ਗੱਲ ਮਸਾਂ ਦੋ ਹਰਫ਼ੀ ਹੀ ਹੋ ਸਕਦੀ। ਉਸ ਵਿਚਲਾ ਮਰਦ ਘੁਲਦਾ ਰਹਿੰਦਾ। ਰਿੱਝਦਾ ਰਹਿੰਦਾ। ਕਈ ਵਾਰ ਉਸਦਾ ਦਿਮਾਗ ਘੁੰਮ ਜਾਂਦਾ ਤੇ ਉਸਦੇ ਕੰਨਾਂ ਵਿਚੋਂ ਸੇਕ ਨਿਕਲਦਾ। ਇਹ ਤਲਾਸ਼ ਉਸ ਨੂੰ ਚਕਨਾਚੂਰ ਕਰ ਦਿੰਦੀ। ਪਰ ਉਹ ਹਥਿਆਰ ਨਹੀਂ ਸੀ ਸੁੱਟਣਾ ਚਾਹੁੰਦਾ।

ਉਹ ਆਪਣੇ ਜਿਸਮ ਨੂੰ ਝਟਕਦਾ ਅਤੇ ਤਾਜ਼ਾ ਹੋਣ ਦੀ ਕੋਸ਼ਿਸ਼ ਕਰਦਾ। ਇਸ ਦਿਮਾਗੀ ਥਕਾਨ ਨੇ ਉਸਨੂੰ ਬੇਹੱਦ ਕਮਜ਼ੋਰ ਕਰ ਦਿਤਾ ਸੀ। ਉਸਦੇ ਚਿਹਰੇ ਦੀ ਮੁਸਕਾਨ ਤੇ ਪ੍ਰਭਾਵ ਕਿਤੇ ਉਡ ਗਏ ਸਨ। ਉਹ ਤੇ ਹਮੇਸ਼ਾ ਹੀ ਬੜਾ ਹਸਮੁੱਖ, ਚੰਚਲ ਤੇ ਚਤੁਰਾਈਆਂ ਕਲਾਂ ਵਿਚ ਰਿਹਾ ਨੌਜਵਾਨ ਸੀ। ਉਂਝ ਉਂਝ ਕਰਦਾ ਉਹ ਕਿੰਨਾ ਕੁਝ ਕਹਿ ਜਾਂਦਾ ਤੇ ਕਰ ਜਾਂਦਾ। ਹੁਣ ਤੇ ਜਿਵੇਂ ਉਸਦੇ ਪਰਾਂ ਤੇ ਮੂਸਲੇਧਾਰ ਵਰਖਾ ਹੋ ਗਈ ਹੋਵੇ ਤੇ ਉਹ ਉਡਣੋਂ ਅਸਮਰਥ ਹੋਵੇ।

ਉਸਨੂੰ ਅਕਸਰ ਆਪਣੀ ਬੁੱਢੀ ਅੰਮੀ ਜਾਨ ਦਾ ਅਤੇ ਉਸਦੇ ਵਿਦਾਇਗੀ ਸਮੇਂ ਕਹੇ ਬੋਲਾਂ ਦਾ ਖ਼ਿਆਲ ਆਉਂਦਾ 'ਬੱਚੇ ਸਲੀਮ, ਚਿੱਠੀ ਪਾਉਂਦਾ ਰਹੀਂ। ਤੇਰੇ ਖ਼ਤ ਹੀ ਮੇਰਾ ਸਹਾਰਾ ਹੋਣਗੇ। ਮੈਨੂੰ ਇੰਗਲੈਂਡ ਜਾ ਕੇ ਕਿਤੇ ਵਿਸਾਰ ਹੀ ਨਾ ਦੇਵੀਂ। ਲੋਕ ਕਹਿੰਦੇ ਨੇ ਇੰਗਲੈਂਡ ਦੀ ਧਰਤੀ ਦੇ ਪਾਣੀ ਨੂੰ ਹੀ ਕੋਈ ਬਖ਼ਸ਼ ਹੈ। ਉਥੇ ਜਾ ਕੇ ਬੰਦਿਆਂ ਨੂੰ ਪਤਾ ਨਹੀਂ ਕੀ ਹੋ ਜਾਂਦੈ। ਤੇ ਹਾਂ ਮੇਰੀ ਸਲਮਾ ਬੇਟੀ ਨੂੰ ਆਖੀਂ, ਮੈਨੂੰ ਆਪਣੇ ਹੱਥਾਂ ਨਾਲ ਚਿੱਠੀ ਲਿਖਿਆ ਕਰੇ। ਤੁਸੀਂ ਘੁਲ ਮਿਲ ਕੇ ਰਹਿਣਾ ਪਿਆਰ ਨਾਲ।'

ਜਦੋਂ ਉਸਨੇ ਇੰਗਲੈਂਡ ਆਉਣਾ ਸੀ ਤਾਂ ਅੰਮੀ ਜਾਨ ਕਈ ਦਿਨਾਂ ਤੋਂ ਉਦਾਸ ਸੀ। ਉਹ ਘੱਟ ਹੀ ਕਿਸੇ ਨਾਲ ਗੱਲਬਾਤ ਕਰਦੀ। ਸਲੀਮ ਲਈ ਚੀਜ਼ਾਂ ਵਸਤਾਂ ਤਿਆਰ ਕਰਨ ਵਿਚ ਰੁੱਝੀ ਰਹਿੰਦੀ। ਉਸਨੇ ਸਲਮਾ ਲਈ ਕਿੰਨੇ ਹੀ ਕੱਪੜੇ ਤਿਆਰ ਕੀਤੇ ਸਨ। ਬਨਾਰਸੀ ਸਾੜ੍ਹੀਆਂ, ਗਹਿਣੇ, ਸਿਤਾਰਿਆਂ ਵਾਲਾ ਬੈਗ, ਸਫ਼ੈਦ ਮਣਕਿਆਂ ਵਾਲਾ ਹਾਰ ਤੇ ਹੋਰ ਕਿੰਨਾ ਕੁਝ....। ਉਹ ਚੀਜ਼ਾਂ ਵੀ ਤਿਆਰ ਕਰਦੀ ਰਹਿੰਦੀ ਅਤੇ ਨਾਲ ਹੰਝੂ ਵੀ ਕੇਰਦੀ ਰਹਿੰਦੀ।

ਉਹ ਇਹ ਸਾਰਾ ਕੁਝ ਯਾਦ ਕਰਕੇ ਕੰਬ ਜਾਂਦਾ। ਫਿਰ ਆਪਣੇ ਆਪ ਨੂੰ ਸੰਭਾਲਣ ਦੇ ਜਤਨ ਕਰਦਾ। ਅਤੀਤ ਦੀਆਂ ਝਲਕਾਂ ਤੋਂ ਧਿਆਨ ਮੋੜਨ ਲਈ ਕੋਸ਼ਿਸ਼ ਕਰਦਾ। ਪਰ ਫਿਰ ਵੀ ਅਤੀਤ ਖਹਿੜਾ ਨਹੀਂ ਸੀ ਛੱਡਦਾ। ਉਹ ਉਦੋਂ ਸਰਕਾਰੀ ਕਾਲਜ ਵਿਚ ਇਕਨੌਮਿਕਸ ਦਾ ਪ੍ਰੋਫੈਸਰ ਸੀ। ਹਰ ਪਾਸੇ ਬੱਲੇ ਬੱਲੇ ਸੀ। ਉਸਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੇ ਮਿਲਣਸਾਰ ਸੁਭਾਅ ਉਸਦੇ ਹਰਮਨ ਪਿਆਰਾ ਹੋਣ ਦੇ ਮੁੱਖ ਕਾਰਨ ਸਨ। ਸ਼ਾਦੀ ਦੀ ਗੱਲਬਾਤ ਅਕਸਰ ਚਲਦੀ ਪਰ ਅਜੇ ਉਸਦਾ ਮਨ ਨਹੀਂ ਸੀ ਮੰਨਦਾ। ਉਹ ਹੋਰ ਪੜ੍ਹਾਈ ਕਰਨਾ ਚਾਹੁੰਦਾ ਸੀ ਅਤੇ ਹੋਰ ਪੁਲਾਂਘਾਂ ਪੁੱਟਣਾ ਚਾਹੁੰਦਾ ਸੀ।

'ਇਹ ਪੀ. ਐਚ. ਡੀ. ਤਾਂ ਮੇਰੀ ਮੁੱਠੀ ਵਿਚ ਹੈ', ਉਹ ਅਕਸਰ ਆਖਦਾ।

ਪਰ ਇਕ ਸ਼ਾਮ ਸਿਆਲਾਂ ਦੇ ਦਿਨਾਂ ਵਿਚ ਇੰਗਲੈਂਡ ਤੋਂ ਇਕ ਰਿਸ਼ਤੇਦਾਰ ਉਹਨੂੰ ਮਿਲਣ ਆਇਆ। "ਮੈਂ ਬੜੀ ਕਾਹਲ ਵਿਚ ਹਾਂ, ਪਰ ਤੁਹਾਨੂੰ ਮਿਲਣਾ ਜ਼ਰੂਰੀ ਸੀ।" ਉਸਨੇ ਆਪਣੀ ਇਲੈਕਟ੍ਰੋਨਿਕ ਘੜੀ ਨਾਲ ਤਾਲ ਮੇਲ ਬਾਅਦ ਸਲੀਮ ਨੂੰ ਕਿਹਾ। "ਸੰਖੇਪ ਵਿਚ ਗੱਲ ਇਹ ਹੈ ਕਿ ਮੇਰੇ ਇਕ ਦੋਸਤ ਦੀ ਲੜਕੀ ਹੈ - ਸਲਮਾ। ਇਹ ਉਹਦੀ ਫੋਟੋ ਹੈ। ਇਕ ਦਮ ਪਿਆਰੀ, ਸੁਨੱਖੀ ਤੇ ਹੁਸ਼ਿਆਰ। ਇਕ ਐਂਪਲਾਇਮੈਂਟ ਏਜੰਸੀ 'ਚ ਕੰਮ ਕਰਦੀ ਹੈ। ਮੇਰੇ ਦੋਸਤ ਦਾ ਆਪਣਾ ਟੈਕਸਟਾਈਲ ਦਾ ਕਾਰੋਬਾਰ ਹੈ ਤੇ ਉਹ ਯੂਗੰਡਾ ਤੋਂ ਆਏ ਨੇ, ਜਦੋਂ ਅਮੀਨ ਦਾ ਦਿਮਾਗ ਖਰਾਬ ਹੋਇਆ ਸੀ। ਖ਼ੈਰ, ਮੇਰਾ ਦੋਸਤ ਬੜਾ ਵਿਸ਼ਵਾਸਤ ਬੰਦਾ ਹੈ। ਉਸਨੇ ਇਹ ਜ਼ਿੰਮੇਵਾਰੀ ਮੇਰੀ ਲਗਾਈ ਹੋਈ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਤੇਰੇ ਲਈ ਉਹ ਕੁੜੀ ਠੀਕ ਰਹੇਗੀ। ਉਹ ਕੀਨੀਆ ਵਿਚ ਜੰਮੀ ਸੀ ਪਰ ਉਸਨੇ ਅਜੇ ਤੱਕ ਭਾਰਤ ਨਹੀਂ ਵੇਖਿਆ। ਪਰ ਮੈਨੂੰ ਯਕੀਨ ਹੈ ਕਿ ਤੁਹਾਡੀ ਜੋੜੀ ਠੀਕ ਰਹੇਗੀ। ਇੰਗਲੈਂਡ ਵਿਚ ਕਿਥੇ ਚੰਗੇ ਮੁੰਡੇ ਮਿਲਦੇ ਨੇ, ਹਾਲਾਤ ਬੜੇ ਮਾੜੇ ਹੁੰਦੇ ਜਾ ਰਹੇ ਹਨ।" ਉਸ ਆਦਮੀ ਨੇ ਗੱਲ ਮੁਕਾਈ।

"ਮੈਂ ਤੁਹਾਨੂੰ ਇਸ ਬਾਰੇ ਇਕਦਮ ਸਹਿਮਤੀ ਨਹੀਂ ਦੇਣਾ ਚਾਹੁੰਦਾ। ਉਂਜ ਅਜੇ ਸ਼ਾਦੀ ਬਾਰੇ ਮੇਰਾ ਕੋਈ ਵਿਚਾਰ ਨਹੀਂ। ਮੈਂ ਤੁਹਾਨੂੰ ਖ਼ਤ ਰਾਹੀਂ ਆਪਣੇ ਵਿਚਾਰਾਂ ਬਾਰੇ ਸੂਚਿਤ ਕਰਾਂਗਾ।"

"ਮੈਂ ਤੇਰੇ ਖ਼ਤ ਦੀ ਇੰਤਜ਼ਾਰ ਕਰਾਂਗਾ।" ਉਹ ਰਿਸ਼ਤੇਦਾਰ ਜਾਂਦਾ ਹੋਇਆ ਕਹਿ ਗਿਆ ਸੀ।

ਸਲੀਮ ਇਸ ਬਾਰੇ ਕਈ ਦਿਨ ਸੋਚਦਾ ਰਿਹਾ ਸੀ। ਘਰ ਵਿਚ ਇਸ ਬਾਰੇ ਬਹਿਸ ਹੁੰਦੀ ਰਹੀ। ਪਰਵਾਰ ਦੇ ਮੈਂਬਰਾਂ ਦਾ ਆਪਣਾ ਆਪਣਾ ਪ੍ਰਤੀਕਰਮ ਸੀ। ਉਸਦੀ ਅੰਮੀਜਾਨ ਨਹੀਂ ਸੀ ਚਾਹੁੰਦੀ ਕਿ ਉਹ ਇੰਗਲੈਂਡ ਜਾਵੇ। ਉਸ ਆਖਿਆ ਸੀ "ਮੈਨੂੰ ਲੱਗਦਾ ਏ ਤੂੰ ਕਦੀ ਵਾਪਸ ਨਹੀਂ ਆਏਂਗਾ ਤੇ ਜੇ ਆਏਂਗਾ ਵੀ ਤਾਂ ਤੂੰ ਉਹ ਸਲੀਮ ਨਹੀਂ ਹੋਏਂਗਾ ਜਿਹੜਾ ਹੁਣ ਮੇਰੇ ਅੱਗੇ ਪਿੱਛੇ ਫਿਰਦਾ ਏ। ਮੈਨੂੰ ਨਹੀਂ ਪਤਾ ਵਲੈਤ ਜਾ ਕੇ ਲੋਕਾਂ ਨੂੰ ਕੀ ਹੋ ਜਾਂਦਾ। ਉਹ ਹਨੇਰੀ ਵਾਂਗ ਆਉਂਦੇ ਨੇ ਤੇ ਤੂਫਾਨ ਵਾਂਗ ਵਾਪਸ ਚਲੇ ਜਾਂਦੇ ਨੇ। ਪਤਾ ਨਹੀਂ ਕਿੰਨੀ ਕੁ ਕਾਹਲ ਹੈ ਉਸ ਜ਼ਿੰਦਗੀ ਵਿਚ। ਪਰ ਬੱਚੇ, ਇਹ ਮੇਰੇ ਭਾਵ ਨੇ, ਇਕ ਮਾਂ ਦੇ, ਮੈਂ ਕਦ ਚਾਹਾਂਗੀ ਤੂੰ ਮੈਥੋਂ ਦੂਰ ਚਲਾ ਜਾਵੇਂ। ਪਰ ਫਿਰ ਮੈਨੂੰ ਤੇਰੀ ਖੁਸ਼ੀ ਵਿਚ ਹੀ ਖੁਸ਼ੀ ਹੈ। ਫੈਸਲਾ ਤੇਰੇ 'ਤੇ ਹੀ ਹੈ। ਪਰ ਮੇਰੇ ਨਾਲ ਜੁੜਿਆ ਰਹੀਂ।"

ਉਹ ਕੁਝ ਵੀ ਫੈਸਲਾ ਨਹੀਂ ਸੀ ਕਰ ਪਾ ਰਿਹਾ। ਇੰਗਲੈਂਡ ਤੋਂ ਰਿਸ਼ਤੇਦਾਰ ਦੀ ਇਕ ਚਿੱਠੀ ਹੋਰ ਆਈ "ਮੈਂ ਤੇਰੇ ਫੈਸਲੇ ਨੂੰ ਉਡੀਕ ਰਿਹਾ ਹਾਂ।"

ਉਹ ਕਦੀ ਆਪਣੀ ਪੀ. ਐਚ. ਡੀ. ਬਾਰੇ ਸੋਚਦਾ ਕਦੀ ਇੰਗਲੈਂਡ ਦੀ ਨਵੀਂ ਜ਼ਿੰਦਗੀ ਬਾਰੇ। 'ਸਲਮਾ ਪਤਾ ਨਹੀਂ ਕਿਹੋ ਜਿਹੀ ਕੁੜੀ ਹੋਵੇਗੀ। ਪਤਾ ਨਹੀਂ ਉਸਦੀ ਜ਼ਿੰਦਗੀ ਦਾ ਝੁਕਾਉ ਤੇ ਆਦਰਸ਼ ਕੀ ਹੋਣਗੇ। ਸ਼ਾਇਦ ਉਹ ਬਹੁਤ ਹੀ ਮਾਡਰਨ ਹੋਵੇ। ਪਰ ਕੁਝ ਵੀ ਹੋਵੇ ਉਸ ਕੁੜੀ ਦੇ ਔਰਤਾਂ ਵਾਲਾ ਦਿਲ ਤੇ ਹੋਵੇਗਾ ਹੀ - ਮੇਰੀ ਅੰਮੀ ਜਾਨ ਵਰਗਾ, ਆਪਾ ਜਾਨ ਵਰਗਾ ਤੇ ਭਰਜਾਈ ਵਰਗਾ, ਫਈਨਲ ਯੀਅਰ ਦੀ ਕਲਾਸਫੈਲੋ ਪਰਵੀਨ ਵਰਗਾ। ਐਡਜਸਟ ਕਰਨ ਦੀ ਹੀ ਗੱਲ ਹੈ। ਇਹ ਕਿਹੜੀ ਮੁਸੀਬਤ ਵਾਲੀ ਗੱਲ ਹੈ। ਪੜ੍ਹਾਈ ਤਾਂ ਇੰਗਲੈਂਡ ਜਾ ਕੇ ਵੀ ਹੋ ਸਕਦੀ ਹੈ। ਕਿੰਨੇ ਹੀ ਲੋਕ ਇੰਗਲੈਂਡ ਜਾ ਰਹੇ ਹਨ। ਉਥੇ ਕੁਝ ਨਾ ਕੁਝ ਤਾਂ ਨਵਾਂ ਹੈ ਹੀ ਨਾ। ਨਵੀਂ ਸੱਭਿਆਤਾ ਦੀਆਂ ਚੰਗੀਆਂ ਗੱਲਾਂ ਨੂੰ ਨਾਲ ਜੋੜਿਆ ਜਾ ਸਕੇਗਾ। ਇਥੇ ਉਹੀ ਪੁਰਾਣਾ ਲਾਈਫ ਸਟਾਈਲ ਚੱਲ ਰਿਹਾ ਹੈ। ਪ੍ਰੋਫੈਸਰ ਕੋਲ ਕਿਹੜੀਆਂ ਪਾਵਰਾਂ ਹਨ? ਪ੍ਰਿੰਸੀਪਲੀ ਦਾ ਨੰਬਰ ਬੜਾ ਦੂਰ ਹੈ। ਮੁਲਕ ਦਾ ਐਡਮਨਿਸਟ੍ਰੇਸ਼ਨ ਬੜਾ ਖਰਾਬ ਹੁੰਦਾ ਜਾ ਰਿਹਾ ਹੈ। ਦਫਤਰਾਂ ਦੇ ਚਪੜਾਸੀ ਤੱਕ ਮਾਨ ਨਹੀਂ। ਇੰਗਲੈਂਡ ਵਿਚ ਨਵੀਂ ਜ਼ਿੰਦਗੀ ਦੇ ਚਾਨਸ ਹਨ। ਦਿਲ ਨਾ ਲੱਗਿਆ ਵਾਪਸ ਵੀ ਤਾਂ ਆਇਆ ਜਾ ਸਕਦਾ ਹੈ। ਸਲਮਾ ਨੂੰ ਇਸ ਲਈ ਰਾਜ਼ੀ ਕੀਤਾ ਜਾ ਸਕਦਾ ਹੈ।' ਉਹ ਆਪਣੇ ਆਪ ਨਾਲ ਵਿਚਾਰਦਾ ਰਿਹਾ।

ਆਖ਼ਰ ਉਸ ਸਹਿਮਤੀ ਦੀ ਚਿੱਠੀ ਲਿਖ ਦਿੱਤੀ। ਸਲਮਾ ਦੀਆਂ ਕੁਝ ਹੋਰ ਰੰਗੀਨ ਤਸਵੀਰਾਂ ਆਈਆਂ ਤੇ ਇਕ ਖ਼ਤ ਵੀ। ਖ਼ਤ ਤੋਂ ਉਹ ਸਲਮਾ ਬਾਰੇ ਕੋਈ ਰਾਏ ਨਾ ਬਣਾ ਸਕਿਆ। ਕਾਗਜ਼ੀ ਕਾਰਵਾਈ ਪੂਰੀ ਹੋਈ। ਉਸ ਪ੍ਰੋਫੈਸਰੀ ਤੋਂ ਰੀਜ਼ਾਈਨ ਦਿੱਤਾ ਤੇ ਇਕ ਠੰਡੀ ਸ਼ਾਮ ਇੰਗਲੈਂਡ ਪਹੁੰਚ ਗਿਆ।

ਦੋ ਹਫਤਿਆਂ ਬਾਅਦ ਹੀ ਸ਼ਾਦੀ ਦੀ ਰਸਮ ਹੋਈ। ਇਸ ਤੋਂ ਪਹਿਲਾਂ ਉਸਨੂੰ ਸਲਮਾ ਨੂੰ ਇਕ ਦੋ ਵਾਰ ਹੀ ਕੁਝ ਮਿੰਟਾਂ ਲਈ ਉਸਦੇ ਰਿਸ਼ਤੇਦਾਰ ਦੇ ਘਰ ਮਿਲਣ ਦਾ ਮੌਕਾ ਮਿਲਿਆ। ਉਹ ਖੂਬਸੂਰਤ ਸੀ। ਤੇਜ਼ ਅੰਗਰੇਜ਼ੀ ਵਿਚ ਗਿਟਮਿਟ ਕਰਦੀ। ਪੰਜਾਬੀ ਸਮਝਦੀ ਪਰ ਜਵਾਬ ਅੰਗਰੇਜ਼ੀ ਵਿਚ ਹੀ ਦਿੰਦੀ।

ਉਨ੍ਹਾਂ ਇਕੱਠਿਆਂ ਰਹਿਣਾ ਸ਼ੁਰੂ ਕੀਤਾ, ਹਨੀਮੂਨ ਲਈ ਸਵੀਡਨ ਗਏ, ਪਰ ਹਰ ਪਲ ਸਲਮਾ ਦੀ ਆਜ਼ਾਦ ਤਬੀਅਤ ਸਾਹਮਣੇ ਆਉਣ ਲੱਗੀ। ਸਲੀਮ ਨੂੰ ਮਹਿਸੂਸ ਹੋਇਆ ਕਿ ਉਹ ਹਰ ਪਲ ਇਕ ਦੂਸਰੇ ਤੋਂ ਦੂਰ ਹੋ ਰਹੇ ਹਨ। ਸਲਮਾ ਦੇ ਦੋਸਤ ਘਰ ਆਉਂਦੇ। ਉਹ ਉਨ੍ਹਾਂ ਨਾਲ ਪਰਚਦੀ। ਉਨ੍ਹਾਂ ਨਾਲ ਸੁਹੇਲੀ ਭਾਸ਼ਾ ਵਿਚ ਗੱਲਾਂ ਕਰਦੀ ਜਾਂ ਅੰਗਰੇਜ਼ੀ ਵਿਚ। ਉਨ੍ਹਾਂ ਦੀਆਂ ਗੱਲਾਂ ਦਾ ਵਿਸ਼ਾ ਡਿਸਕੋ, ਪੌਪ ਸੌਂਗਜ਼, ਕੱਪੜੇ, ਜੀਨਾਂ, ਸਕੱਰਟਾਂ ਜਾਂ ਕਾਰ ਦੇ ਕਿਸੇ ਮਾਡਲ ਬਾਰੇ ਹੁੰਦਾ। ਸਲੀਮ ਇਹ ਵਾਰਤਾਲਾਪ ਸੁਣਦਾ ਤੇ ਹੂੰ ਹਾਂ ਕਰ ਛੱਡਦਾ।

ਉਸਨੇ ਨੌਕਰੀ ਦੀ ਤਲਾਸ਼ ਸ਼ੁਰੂ ਕੀਤੀ। ਕੋਈ ਚੱਜ ਦੀ ਨੌਕਰੀ ਨਹੀਂ ਸੀ ਮਿਲ ਰਹੀ। ਫੈਕਟਰੀਆਂ ਵਿਚ ਨੌਕਰੀ ਮਿਲ ਰਹੀ ਸੀ ਪਰ ਉਹ ਮਜ਼ਦੂਰੀ ਕਰਨੀ ਨਹੀਂ ਸੀ ਚਾਹੁੰਦਾ। ਆਖਰ ਇਕ ਵੇਅਰਹਾਊਸ ਵਿਚ ਉਸਨੂੰ ਕਲਰਕ ਦੀ ਨੌਕਰੀ ਮਿਲੀ।

ਸਲਮਾ ਉਸਦੀ ਨੌਕਰੀ 'ਤੇ ਰਤਾ ਵੀ ਖੁਸ਼ ਨਹੀਂ ਸੀ। "ਯੂ ਟੈੱਲ ਮੀ ਵੱਟ ਯੂ ਵਿੱਲ ਡੂ ਵਿੱਦ ਫਾਰਟੀ ਕੁਇੱਡਜ਼ ਇਨ ਹੈਂਡ? ਫਾਈਂਡ ਸਮ ਪਾਰਟ ਟਾਈਮ ਜਾਬ ਔਰ ਜੁਆਇਨ ਸਮ ਫੈਕਟਰੀ।"

ਦਫਤਰ ਵਿਚ ਕੰਮ ਦਾ ਬੜਾ ਦਬਾਅ ਹੁੰਦਾ ਤੇ ਘਰ ਆ ਕੇ ਸਲਮਾ ਦੇ ਨਹੋਰੇ ਤੇ ਖਿਚਾਅ ਭਰੀ ਜ਼ਿੰਦਗੀ। ਉਸ ਵਿਚਲਾ ਸਬਰ ਟੁੱਟਦਾ। ਕੋਈ ਅਜਿਹਾ ਨਹੀਂ ਸੀ ਜਿਸ ਨਾਲ ਉਹ ਆਪਣੇ ਭਾਵ ਸਾਂਝੇ ਕਰ ਸਕਦਾ । ਜ਼ਿੰਮੇਵਾਰ ਨੇ ਸ਼ਾਦੀ ਤੱਕ ਦੇ ਫਰਜ਼ ਇਕੋ ਜਿਹੇ ਸਨ। ਉਸ ਦਾ ਇਸ ਸਿਲਸਿਲੇ ਵਿਚ ਹੁਣ ਕੀ ਲੈਣਾ ਦੇਣਾ ਸੀ। ਇਹ ਤਾਂ ਦੋ ਸ਼ਖਸ਼ੀਅਤਾਂ ਦਾ ਮਸਲਾ ਸੀ। ਉਸਨੇ ਭਾਰਤ ਵਾਲਿਆਂ ਨੂੰ ਇਸ ਕਸ਼ਮਕਸ਼ ਬਾਰੇ ਕੋਈ ਜ਼ਿਕਰ ਨਾ ਕੀਤਾ। ਉਹ ਨਹੀਂ ਸੀ ਚਾਹੁੰਦਾ ਕਿ ਉਹ ਫਿਕਰਮੰਦ ਹੋਣ। ਇਸ ਮਸਲੇ ਵਿਚ ਉਹ ਕੁਝ ਕਰ ਵੀ ਨਹੀਂ ਸਨ ਸਕਦੇ। ਇਸ ਦਾ ਸਬੰਧ ਸਿਰਫ ਉਸੇ ਨਾਲ ਸੀ।

ਉਸਨੂੰ ਅਜੇ ਵੀ ਬੜੀ ਉਮੀਦ ਸੀ। ਉਹ ਇਹ ਮਹਿਸੂਸਦਾ ਸੀ ਕਿ ਇਕ ਦੂਜੇ ਨੂੰ ਸਮਝਣ ਲਈ ਸਮਾਂ ਤਾਂ ਲੱਗੇਗਾ ਹੀ, ਤੇ ਉਹ ਇਸ ਲਈ ਹਰ ਯਤਨ ਕਰ ਰਿਹਾ ਸੀ। ਪਰ ਪਾੜਾ ਵਧਦਾ ਹੀ ਜਾ ਰਿਹਾ ਸੀ।

ਸਲਮਾ ਕੰਮ ਤੋਂ ਆਉਂਦੀ ਤੇ ਟੈਲੀਵੀਜਨ ਅੱਗੇ ਬੈਠ ਜਾਂਦੀ। ਕਈ ਵਾਰ ਉਸਦੇ ਦੋਸਤ ਹੁੰਦੇ ਤੇ ਵੀਕ ਐਂਡ ਵਿਚ ਵੀ ਰਾਤ ਨੂੰ ਦੇਰ ਤੱਕ ਬੈਠੇ ਰਹਿੰਦੇ। ਕਈ ਵਾਰ ਉਹ ਕੰਮ ਤੋਂ ਸਿੱਧਾ ਹੀ ਕਿਸੇ ਨੂੰ ਮਿਲਣ ਚਲੀ ਜਾਂਦੀ। ਡਿਨਰ ਖਾਣ ਦਾ ਪ੍ਰੋਗਰਾਮ ਅਕਸਰ ਬਣ ਜਾਂਦਾ। ਭਾਰਤੀ ਫਿਲਮਾਂ ਨੂੰ ਉਹ ਰਤਾ ਵੀ ਪਸੰਦ ਨਹੀਂ ਸੀ ਕਰਦੀ। ਸਲੀਮ ਲਈ ਪੱਬ, ਅੰਗਰੇਜ਼ੀ ਨਾਚ, ਟੈਲੀਵੀਜਨ, ਜੀਨ ਦੀਆਂ ਪੈਂਟਾਂ ਸ਼ੁਰੂ ਵਿਚ ਬੜੇ ਓਪਰੇ ਸਨ। ਉਸਨੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਬਦਲਣ ਦੇ ਯਤਨ ਸ਼ੁਰੂ ਕੀਤੇ। ਉਹ ਪੱਬ ਜਾਣ ਲੱਗਾ। ਅੰਗਰੇਜ਼ੀ ਨਾਚ ਘਰਾਂ ਵਿਚ ਵੀ ਜਾਣ ਲੱਗਾ ਤੇ ਜੀਨ ਦੀਆਂ ਪੈਂਟਾਂ ਵੀ ਪਹਿਨਣ ਲੱਗਾ। ਤੇ ਸਲਮਾ ਨੂੰ ਹਰ ਤਰੀਕੇ ਨਾਲ ਸਮਝਣ ਦੇ ਉਪਰਾਲੇ ਕਰਨ ਲੱਗਾ। ਪਰ ਪਾੜਾ ਵਧਦਾ ਹੀ ਜਾ ਰਿਹਾ ਸੀ।

ਸਲਮਾ ਉਸ ਲਈ ਅਜੇ ਤੱਕ ਵੀ ਅਜਨਬੀ ਸੀ। ਉਨ੍ਹਾਂ ਵਿਚ ਇਕ ਦੂਜੇ ਨੂੰ ਜਾਣਨ ਲਈ ਕੋਈ ਵੀ ਜ਼ਰੀਆ ਨਹੀਂ ਸੀ। ਉਹ ਉਸਨੂੰ ਕੁਝ ਹੋਰ ਕਹਿੰਦਾ ਉਹ ਕੁਝ ਹੋਰ ਸਮਝਦੀ। ਉਨ੍ਹਾਂ ਦੀ ਕੋਈ ਵੀ ਭਾਵਨਾ ਦੀ ਸਾਂਝ ਨਹੀਂ ਸੀ। ਜਿਵੇਂ ਦੋਵੇਂ ਇਕ ਦੂਜੇ ਨਾਲ ਬੰਨ੍ਹੇ ਗਏ ਹੋਣ। ਉਸਨੂੰ ਕਿਤੋਂ ਰਤਾ ਵੀ ਸਕੂਨ ਨਹੀਂ ਸੀ ਮਿਲ ਰਿਹਾ। ਜੇ ਕੁਝ ਮਿਲਦਾ ਵੀ ਤਾਂ ਸਿਰਫ ਆਪਣੇ ਆਪ ਤੋਂ। ਉਹ ਖੁਦ ਆਪਣੀ ਮੱਲ੍ਹਮ-ਪੱਟੀ ਕਰਦਾ। ਆਪਣੇ ਆਪ ਨਾਲ ਵਿਚਾਰਦਾ ਕਿ ਇਹ ਦੌਰ ਕੁਝ ਦੇਰ ਦਾ ਹੀ ਹੈ, ਸਮੇਂ ਨਾਲ ਠੀਕ ਹੋ ਜਾਏਗਾ।

"ਸਲਮਾ, ਕੀ ਕੋਈ ਖ਼ਤ ਹੈ?" ਅੱਜ ਘਰ ਆਉਂਦਿਆਂ ਹੀ ਉਹ ਪੁੱਛਦਾ ਹੈ।

"ਯਾ, ਦੇਅਰ ਇਜ਼ ਵਨ ਫਾਰ ਯੂ।" ਸਲਮਾ ਸਕਰਟ ਦੇ ਵਲ ਠੀਕ ਕਰਦੀ ਆਖਦੀ ਹੈ।

"ਕਿਸਦਾ ਹੈ?"

"ਯੂਅਰ ਮਦਰਜ਼।" ਲਫਜ਼ ਸਲੀਮ ਦੇ ਦਿਮਾਗ ਵਿਚ ਘੁੰਮ ਜਾਂਦੇ ਹਨ।

"ਤੂੰ ਨਹੀਂ ਖੋਲ੍ਹਿਆ?" ਸਲੀਮ ਪੁੱਛਦਾ ਹੈ।

"ਨੋ ਆਈ ਡਿਡ ਨਾਟ ਹੈਵ ਮੂਡ।"

ਉਹ ਖ਼ਤ ਨੂੰ ਖੋਲ੍ਹਦਾ ਹੈ; ਅੰਮੀ ਜਾਨ ਨੇ ਲਿਖਿਆ ਹੈ: "ਬੇਟਾ ਸਲੀਮ, ਮੇਰੀ ਤਬੀਅਤ ਦਿਨ ਬਦਿਨ ਖਰਾਬ ਹੁੰਦੀ ਜਾ ਰਹੀ ਹੈ। ਪਤਾ ਨਹੀਂ ਕਦੋਂ......। ਮੇਰੀ ਬੜੀ ਖਾਹਿਸ਼ ਸੀ ਮੈਂ ਸਲਮਾ ਦਾ ਲਿਖਿਆ ਖ਼ਤ ਪੜ੍ਹਦੀ.....। ਮੈਨੂੰ ਲੱਗਦਾ ਹੈ ਤੂੰ ਉਸਨੂੰ ਆਖਿਆ ਹੀ ਨਹੀਂ ਹੋਣਾ। ਪਤਾ ਨਹੀਂ ਵਲੈਤ ਜਾ ਕੇ ਸਭਨਾਂ ਨੂੰ ਕੀ ਹੋ ਜਾਂਦੈ, ਸੱਚਮੁਚ ਹੀ ਉਥੋਂ ਦੇ ਪਾਣੀ ਨੂੰ ਕੋਈ ਬਖ਼ਸ਼ ਹੈ। ਤੂੰ ਸਲਮਾ ਨੂੰ ਆਖੀਂ ਉਹ ਜ਼ਰੂਰ ਲਿਖੇਗੀ। ਤੇ ਤੁਸੀਂ ਦੇਸ ਕਦੋਂ ਆ ਰਹੇ ਹੋ। ਮੇਰੇ ਲਈ ਮੇਰਾ ਸਲੀਮ ਲੈਂਦਾ ਆਵੀਂ ਜਿਹੜਾ ਮੇਰੇ ਅੱਗੇ ਪਿੱਛੇ ਫਿਰਿਆ ਕਰਦਾ ਸੀ, ਜਿਹੜਾ ਕਸੂਰੀ ਮੇਥੀ ਦੀ ਰੋਟੀ ਲਈ ਲਿਆਜ਼ ਨਾਲ ਝਗੜਾ ਕੀਤਾ ਕਰਦਾ ਸੀ। ਤੇ ਜਿਹੜਾ ਡੂੰਘੀ ਰਾਤ ਤੱਕ ਚੁਬਾਰੇ ਵਿਚ ਟੇਬਲ ਲੈਂਪ ਲਾਗੇ ਕਿਤਾਬਾਂ ਨਾਲ ਗੱਲਾਂ ਕਰਦਾ ਰਹਿੰਦਾ ਸੀ...

....ਇਸਮਤ ਦੀ ਸ਼ਾਦੀ ਤੇਰੇ ਆਏ ਤੇ ਕਰਾਂਗੇ। ਉਹ ਫਾਈਨਲ ਵਿਚ ਹੋ ਗਈ ਹੈ....

— ਤੇਰੀ ਅੰਮੀ"

ਉਹ ਕੁਝ ਹੋਰ ਬਿੱਖਰ ਗਿਆ। ਉਸਦੇ ਜਿਸਮ ਵਿਚੋਂ ਬਿਜਲੀ ਗੁਜ਼ਰ ਗਈ ਹੈ।

"ਯਾ ਸਲੀਮ, ਬਾਈ ਦ ਵੇ ਆਈ ਹੈਵ ਟੂ ਗੋ ਟੂ ਏ ਫਰੈਂਡ, ਬਾਈ ਬਾਈ।" ਸਲਮਾ ਤੇਜ਼ੀ ਨਾਲ ਦਰਵਾਜ਼ਾ ਬੰਦ ਕਰਕੇ ਪੌੜੀਆਂ ਉਤਰ ਗਈ ਹੈ।

ਉਹ ਖ਼ਤ ਵਿਚ ਪਏ ਵਲ ਠੀਕ ਕਰਦਾ ਫਿਰ ਸਲਮਾ ਅੰਦਰਲੀ ਔਰਤ ਬਾਰੇ ਸੋਚਦਾ ਹੈ।

• (ENGLAND)

---

(ਦਲਜਿੰਦਰ ਦੀ ਕਵਿਤਾ/ ਸਫ਼ਾ 27 ਦੀ ਬਾਕੀ)
ਤੇਰੇ ਕੋਲ ਇੱਕ ਆਪਣਾ ਫਲਸਫ਼ਾ ਹੈ/ ਜੋ ਸਿਰਫ਼ ਤੇਰੀ ਚਮੜੀ ਬਚਾ ਸਕਦਾ ਹੈ/
ਮੇਰੇ ਦੋਸਤ ਮੈਨੂੰ ਮੁਆਫ਼ ਕਰੀਂ/ ਮੈਂ ਤੇਰੇ ਲਈ ਗੁਸਤਾਖ਼ ਹੁੰਦਾ ਜਾ ਰਿਹਾਂ...

• (CALGARY, ALBERTA)



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

## HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, Apartment Buildings, Retail Stores, Offices, Machinery, Boilers.



## Millhurst Hair Stylists (Unisex)

**5734 - 19 A AVE, EDMONTON**

SPECIALIZED IN:

i) Haircut ii) Blow Dry iii) Colour
iv) Perms v) Henna vi) French Braids

PHONE:

## DARSHAN DHILLON

**FOR APPOINTMENT (463-5012)**

## GIVE THE LADY OF THE HOUSE A BREAK AND LEAVE THE COOKING TO ANNAPOORNA

- FOR SAMOSA, GOLGAPPE, KACHORI and a variety of sweets please visit ANNAPOORNA.
- Lunch & Dinner also available for as low as $2.50 per meal.
- For DELECIOUS HOME-COOKED VEGETARIAN FOOD, COME TO ANNAPOORNA.
- Orders Welcome

**PHONE 462-1249**

SPECIALS

- Monday - Dosa Day
- Tuesday - Buffet
- Wednesday - $1.99 Day

# ANNAPOORNA

EAST INDIAN VEGETARIAN RESTAURANT

**9303-34 AVE., EDMONTON**

ਕਹਾਣੀ:

# ਅਧਰੰਗ

ਗੁਰਬਖਸ਼ ਦੋਸਾਂਝ

ਅੱਜ ਤੋਂ ਪੰਝੀ ਵਰ੍ਹੇ ਪਹਿਲਾਂ – ਜਦੋਂ ਮੈਂ ਹਿੰਦੋਸਤਾਨ ਦੀ ਫਿਜ਼ਾਅ 'ਚ ਪਹਿਲਾ ਸਾਹ ਲਿਆ ਤਾਂ ਮੇਰੇ ਪਰਿਵਾਰ, ਰਿਸ਼ਤੇਦਾਰਾਂ ਦੇ ਦਿਮਾਗਾਂ 'ਚ ਇਕ ਮਿੱਟੀ ਦਾ ਪਹਾੜ ਉਸਰ ਗਿਆ। ਅੱਜ ਮੇਰੇ ਵੀ ਬੱਚੀ ਜੰਮੀ ਤਾਂ ਤਵਾਰੀਖ ਦੁਹਰਾਈ ਜਾਣ ਲੱਗੀ।

ਉਹ ਫੁੱਲਾਂ ਹਾਰ, ਨਰਮ ਕੂਲੀ ਜਿੰਦ – ਜੋ ਕੁਝ ਘੰਟੇ ਪਹਿਲਾਂ ਮੇਰੇ ਗਰਭ ਦੇ ਆਲ੍ਹਣੇ 'ਚ ਧੜਕਦੀ ਸੀ, ਹੁਣ ਮੇਰੇ ਸੀਨੇ ਨਾਲ ਲੱਗੀ ਤੇਜ਼ ਕੋਸੇ ਸਾਹ ਲੈ ਰਹੀ ਸੀ। ਉਸ ਦੇ ਰੂੰਅ ਵਰਗੇ, ਕਾਲੇ-ਸ਼ਾਹ ਵਾਲਾਂ 'ਚ ਪੋਟੇ ਫੇਰਦਿਆਂ ਮੇਰੇ ਸੀਨਿਉਂ ਝਰਨਾਟਾਂ ਛਿੜ ਰਹੀਆਂ ਸਨ। ਇਸ ਵੇਗ ਦੇ ਅਧੀਨ ਮੈਂ ਬੱਚੀ ਨੂੰ ਚੁੰਮਣ ਲਈ ਝੁਕੀ ਤਾਂ ਨਰਸ ਨੇ ਵਰਜ ਦਿੱਤਾ। ਮੇਰੇ ਹੋਠ ਤੜਪ ਕੇ ਸੁੰਗੜ ਗਏ। ਨਰਸ ਦੇ ਹੱਥਾਂ 'ਚ ਬੱਚੀ ਥਮਾਉਂਦਿਆਂ ਮੈਨੂੰ ਲੱਗਾ ਜਿਵੇਂ ਹੁਣੇ ਹੁਣੇ ਮੇਰੇ ਗਰਭ ਤੋਂ ਵੱਖ ਹੋਈ ਹੋਵੇ। ਨਰਸ ਨੇ ਉਸਨੂੰ ਪਰਮ 'ਚ ਲਿਟਾ ਦਿੱਤਾ। ਬਾਰੀ ਰਾਹੀਂ ਸੂਰਜ ਦੀਆਂ ਕਿਰਨਾਂ ਬੱਚੀ ਨਾਲ ਕਲੋਲ ਕਰ ਰਹੀਆਂ ਸਨ। ਮਦਹੋਸ਼ ਪੌਣ ਅੰਦਰ ਆਉਣ ਲਈ ਕੰਧਾਂ ਨਾਲ ਸਿਰ ਪਟਕ ਰਹੀ ਸੀ ਜਿਵੇਂ ਨਵ-ਜੰਮਿਆਂ ਬੋਟਾਂ ਲਈ ਲੋਰੀ ਗਾਉਣ ਲਈ ਬੇਚੈਨ ਹੋਵੇ।

ਸਾਹਮਣੇ ਕੰਧ 'ਤੇ ਇਕ ਸੀਨਰੀ ਸੀ, ਜਿਸ 'ਚ ਛੋਟੇ ਮੋਟੇ ਪਹਾੜ ਦਿਖਾਈ ਦਿੰਦੇ ਸਨ। ਇਹ ਬਰਫ ਨਾਲ ਕੱਜੇ ਹੋਏ ਸਨ ਤੇ ਪਾਣੀਆਂ ਦਾ ਦ੍ਰਿਸ਼ ਨੀਲੇ-ਚਾਂਦੀ ਰੰਗੇ ਰੰਗਾਂ, ਨਦੀਆਂ, ਦਰਿਆਵਾਂ 'ਚ ਬਦਲਦਾ ਦਿਖਾਇਆ ਹੋਇਆ ਸੀ। ਇਹ ਸਭ ਕੁਝ ਆਰਜ਼ੀ ਸੀ – ਅਸਲੀ ਨਦੀਆਂ ਦਰਿਆਵਾਂ ਦੀ ਝਲਕ-ਇਕ ਛਲਾਵਾ। ਇਕ ਵੱਖਰੀ ਤਰ੍ਹਾਂ ਦੇ ਪਹਾੜ ਵੀ ਹੁੰਦੇ ਹਨ ਜੋ ਦਿਖਾਈ ਨਹੀਂ ਦੇਂਦੇ – ਕਿਆਸ ਕੀਤੇ ਜਾ ਸਕਦੇ ਹਨ, ਜਿੰਨ੍ਹਾਂ ਨੂੰ ਲੋੜ ਵੇਲੇ ਇਨਸਾਨ ਆਪ ਉਸਾਰਦਾ ਹੈ ਤੇ ਕਦੀ ਆਲੇ ਦੁਆਲੇ ਦੀ ਤਬਦੀਲੀ ਜਾਂ ਉਸਾਰੂ ਪੱਖ ਇਹੋ ਜਿਹੇ ਪਹਾੜ ਸਾਵੇਂ ਕਰ ਦਿੰਦੇ ਹਨ।

ਮੇਰੇ ਸੰਬੰਧੀਆਂ ਦੇ ਜ਼ਿਹਨਾਂ 'ਚ ਪਹਾੜ ਤੇ ਪਹਾੜ ਉਸਰ ਗਿਆ – ਜਦੋਂ ਉਹ ਬੱਚੀ ਨੂੰ ਵਾਰੀ ਵਾਰੀ ਵੇਖਣ ਆਏ ਤਾਂ ਉਨ੍ਹਾਂ ਦੀਆਂ ਨਜ਼ਰਾਂ 'ਚ ਛਾਈ ਪੱਤਝੜ ਹਸਪਤਾਲ ਦੇ ਉਸ ਸਾਫ਼-ਸੁਥਰੇ ਕਮਰੇ 'ਚ ਅਣਸੁਖਾਵਾਂ ਪ੍ਰਭਾਵ ਛੱਡ ਗਈ। ਉਨ੍ਹਾਂ ਦੇ ਰੁੰਨੇ ਹੋਏ ਗਲੇ ਚੋਂ ਜੋ ਚੰਦ ਲਫਜ਼ ਨਿਕਲੇ – ਸਾਰੀ ਇਸਤਰੀਅਤ ਦੀ ਤੌਹੀਨ ਵਰਗੇ ਸਨ। ਮੈਂ ਉਨ੍ਹਾਂ ਤੇ ਆਪਣੇ ਵਿਚਕਾਰ ਇਕ ਅਦਿੱਸਦਾ ਪਹਾੜ ਉਸਾਰ ਲਿਆ। ਉਨ੍ਹਾਂ ਬੋਲਾਂ ਤੋਂ ਮੈਂ ਆਪਣੇ ਆਪ ਨੂੰ ਦੂਰ ਧਸੀਟ ਲੈ ਗਈ – ਬਿਲਕੁਲ ਪਹਾੜਾਂ ਤੋਂ ਵਗ ਕੇ ਦਰਿਆਵਾਂ 'ਚ ਬਦਲੇ ਪਾਣੀਆਂ ਵਾਂਗ – ਜਿਵੇਂ ਦਰਿਆਵਾਂ ਦੇ ਪਾਣੀਆਂ ਨੂੰ ਪਹਾੜਾਂ ਦੀ ਹਾਲਤ ਨਾਲ ਕੋਈ ਵਾਸਤਾ ਨਹੀਂ ਹੁੰਦਾ। ਇਵੇਂ ਹੀ ਮੈਂ ਸ਼ਬਦਾਂ ਨੂੰ ਅਰਥਾਂ ਦੀ ਪਾਣ ਨਾ ਚਾੜ੍ਹੀ। ਆਪਣੇ ਜਨਮ ਵੇਲੇ ਆਪਣੀ ਮਾਂ ਵਾਂਗ ਅੰਦਰੋਂ ਵੱਢ-ਟੁੱਕ ਨਾ ਹੋਣ ਦਿੱਤੀ।

ਜਦੋਂ ਮੈਂ ਜਨਮੀ ਸਾਂ – ਤਾਂ ਮੇਰੀ ਪਾਗਲੀ ਚੀਕ ਨੇ ਮਾਂ ਨੂੰ ਜੰਮਣ ਪੀੜਾਂ ਭੁਲਾ ਦਿੱਤੀਆਂ। ਦਾਈ ਮੈਨੂੰ ਨੁਹਾ ਕੇ ਮਾਂ ਨਾਲ ਲਿਟਾ ਗਈ। ਉਹ ਮੇਰੇ ਵੱਲ ਮਾਣ-ਮੱਤੀਆਂ ਨਜ਼ਰਾਂ ਨਾਲ ਵੇਖ ਰਹੀ ਸੀ, ਜਿਵੇਂ ਮੇਰੇ ਪਿਉ ਨੂੰ ਕਹਿ ਰਹੀ ਹੋਵੇ "ਵੇਖ ਲੈ, ਕਿੰਨਾ ਦੁੱਖ ਝੱਲ ਕੇ ਮੈਂ ਤੇਰੇ ਲਈ ਖਿਡੌਣਾ ਘੜਿਐ।"

ਦਾਈ ਨੇ ਬਾਹਰ ਜਾਂਦਿਆਂ ਮੇਰੀ ਦਾਦੀ ਨੂੰ ਕਿਹਾ – "ਸਰਦਾਰਨੀਏ, ਅੱਜ ਤੇਰੇ ਘਰੋਂ ਝੋਲੀਆਂ ਭਰ ਭਰ ਖੜਨੀਆਂ ਸੀ। ਪਰ ਚੰਗੀਆਂ ਚੀਜ਼ਾਂ ਤਾਂ ਰੱਬ ਭਾਗਾਂ ਵਾਲਿਆਂ ਨੂੰ ਦਿੰਦਾ ਏ। ਪਹਿਲੀ ਵਾਰੀ ਗੁੜ ਦੀ ਰੋੜੀ ਵੰਡਣ ਵਾਲਾ ਕੰਮ ਹੋ ਜਾਂਦਾ ਤਾਂ ਚੰਗੀ ਗੱਲ ਸੀ। ਅਸਾਂ ਲਾਗੀਆਂ, ਝਾੜੀਆਂ ਨੇ ਵੀ ਤਾਂ ਇਹੋ ਜਿਹੇ ਮੌਕਿਆਂ 'ਤੇ ਹੀ ਕੁਝ ਖੱਟਣਾ ਹੋਇਆ।" ਕਹਿ ਕੇ ਉਸ ਨੇ ਨੱਕ ਸੁੜਕਿਆ।

"ਆਹੋ ਵਿੰਦੀਏ, ਇਹ ਤਾਂ ਭਾਗਾਂ ਦੀਆਂ ਬਾਤਾਂ ਆ। ਲਾਲ ਕਿਹੜੇ ਕਿਤੇ ਹੱਟਾਂ 'ਚ ਵਿਕਦੇ ਆ ਜੋ ਖਰੀਦ ਲਿਆਈਏ। ..... ਪੱਥਰ ..... ਅੱਛਾ, ਜੋ ਵਾਹਿਗੁਰੂ ਨੂੰ ਮਨਜ਼ੂਰ।" ਦਾਦੀ ਦੇ ਨਿਕਲੇ ਹੋਕੇ ਨੇ ਅੱਧੇ ਲਫਜ਼ ਨਿਗਲ ਲਏ। ਦਿਹੜੇ 'ਚ ਸੋਗ ਵਰਤਿਆ ਹੋਇਆ ਸੀ।

ਮਾਂ ਇਨ੍ਹਾਂ ਆਰੀ ਦੇ ਦੰਦਿਆਂ ਵਰਗੇ ਬੋਲਾਂ ਨਾਲ ਅੰਦਰੋਂ ਲਹੂ-ਲੁਹਾਨ ਹੋ ਗਈ। ਉਸ ਨੇ ਮੇਰੀਆਂ ਗੱਲ੍ਹਾਂ ਤੋਂ ਹੱਥ ਇਕ-ਦਮ ਪਰ੍ਹੇ ਕਰ ਲਿਆ, ਜਿਵੇਂ ਮੇਰੀ ਛੋਹ ਤੇ ਉਸਨੂੰ ਡੱਸੇ ਜਾਣ ਦਾ ਤੌਖਲਾ ਪੈਦਾ ਹੋ ਗਿਆ ਹੋਵੇ।

ਉਸ ਦੇ ਅੰਦਰ ਦੀ ਅਸਲੀਅਤ ਦੇ ਕੰਢੇ ਤਿੜਕੇ - ਜੇ ਇਹ ਸਿਰਮੁੰਨੀ ਅੱਜ ਮੁੰਡਾ ਜਣ ਕੇ ਆਉਂਦੀ ਤਾਂ ਘਰ ਦਿਆਂ ਮੱਥੇ ਕੱਢਣੇ ਸਨ। ਵਿਹੜੇ 'ਚ ਭੰਗੜੇ ਤੇ ਗਮਾਂ ਪੈਂਦੀਆਂ ਸਨ। ਮੰਗਣ ਪਿੰਨਣ ਵਾਲਿਆਂ ਦੀਆਂ ਡਾਰਾਂ ਬੰਨ੍ਹ ਬੰਨ੍ਹ ਆਉਣੀਆਂ ਸਨ। ਜਿਨ੍ਹਾਂ ਦੀ ਵਾਰਸ ਬਣਨਾ ਸੀ, ਉਨ੍ਹਾਂ ਬੱਕਰੇ ਬੁਲਾਉਣੇ ਸਨ।

ਅੱਜ? ਕੁਝ ਵੀ ਤਾਂ ਨਹੀਂ ਸੀ ਹੋਇਆ। ਬੋਤਲਾਂ ਦੇ ਡੱਟ ਨਹੀਂ ਸਨ ਖੁੱਲ੍ਹੇ। ਉਹ ਵੀ ਦਿਲਾਂ 'ਚ ਸਿਸਕਦੇ ਅਰਮਾਨਾਂ ਵਾਂਗ ਧਰਤੀ ਦੀ ਹਿੱਕੜੀ 'ਚ ਖਾਮੋਸ਼ ਦੱਬੀਆਂ ਰਹਿ ਗਈਆਂ ਸਨ। ਹਾਂ - ਇਸ ਦੇ ਪਿਉ ਨੇ ਭਾਵੇਂ, ਇਸ ਦੇ ਜੰਮਣ ਦੇ ਸੱਚ ਨੂੰ ਨਿਗਲਣ ਵਾਂਗ ਅੱਧੀ ਪੁਰਾਣੀ ਪਈ ਸ਼ਰਾਬ ਦੀ ਬੋਤਲ ਬਿਨ ਪਾਣੀਉਂ ਅੰਦਰ ਸੁੱਟ ਲਈ ਸੀ।

ਮਾਂ ਨੇ ਦਰਦ ਦੀ ਸੂਲੀ 'ਤੇ ਲਟਕਦਿਆਂ ਮਰਦ ਨੂੰ ਫਿਟਕਾਰ ਪਾਈ —"ਮਰਦ ਹੋਣ ਦੀ ਡੀਂਗ ਤਾਂ ਮਾਰਦਾ ਏਂ, ਪਰ ਗ਼ਮ ਦਾ ਮੁਕਾਬਲਾ ਕਰਨੋਂ ਡਰ ਕੇ ਨਸ਼ੇ ਦੀ ਬੁੱਕਲ 'ਚ ਜਾ ਲੁਕਦਾ ਏਂ। ਮੈਂ ਅੰਦਰੋਂ ਬਾਹਰੋਂ ਪੱਛੀ ਪਈ ਹਾਂ, ਪਰ ਫਿਰ ਵੀ ਇਸ ਵਣ ਦੇ ਮੰਜੇ ਦੀ ਖਰੂਦੀ ਛੋਹ ਵਾਂਗ ਸਾਰਾ ਕੁਝ ਰੂਹ ਦੇ ਪਿੰਡੇ 'ਤੇ ਸਹਿ ਰਹੀ ਹਾਂ।"

ਨਵੀਆਂ ਬੀਜੀਆਂ ਟਾਹਲੀਆਂ ਨੂੰ ਕਰੂੰਬਲਾਂ ਫੁੱਟ ਪਈਆਂ ਸਨ। ਪਾਣੀ ਦਿੰਦਾ ਬਾਬਾ ਮੇਰੇ ਪਿਉ ਨਾਲ ਗੱਲਾਂ ਕਰ ਰਿਹਾ ਸੀ "ਜਗ ਸਿਆਂ, ਅਗਲੇ ਸਾਲ ਤਾਈਂ ਮੌਜ ਹੋਜੂ - ਸਾਰੀ ਮੋਟੀ ਛਾਂ ਦੇਣ ਲੱਗ ਪੈਣਗੀਆਂ।" ਬਾਬੇ ਦੀਆਂ ਅੱਖਾਂ 'ਚ ਹਸਰਤ ਨੇ ਅੰਗੜਾਈ ਲਈ। ਫਿਰ ਕੁਝ ਯਾਦ ਆ ਜਾਣ ਵਾਂਗ - "ਬੇਔਤ ਕਰ ਨੇ ਕੁੜੀ ਈ ਜੰਮਣੀ ਸੀ ਤਾਂ ਪੇਕੀਂ ਵੜ ਆਉਂਦਾ। ਬੋਤਲਾਂ ਲਈ ਲੰਬੜ ਮੇਰੇ ਤਰਲੇ ਕਰਦਾ ਰਿਹਾ। ਮੈਂ ਸਾਫ ਈ ਨਾਂਹ ਕਰਤੀ। ਉਸ ਸੌਹਰੇ ਨੇ ਤਾਂ ਮੁੱਲ ਵੀ ਮੂੰਹ ਮੰਗਿਆ ਦੇ ਦੇਣਾ ਸੀ।" ਉਸ ਦੀਆਂ ਅੱਖਾਂ 'ਚ ਰੋਹ ਡੋਰਾ ਸੀ।

ਮੇਰਾ ਪਿਉ, ਜੋ ਪਹਿਲਾਂ ਹੀ ਖਿਝਿਆ ਜਿਹਾ ਸੀ, ਬਾਬੇ ਦੀਆਂ ਗੱਲਾਂ ਸੁਣ ਕੇ ਹੋਰ ਵੀ ਤਾਅ ਖਾ ਗਿਆ ਤੇ ਇਕ ਮੱਝ ਦੇ ਗੁੱਸੇ 'ਚ ਪੰਜ-ਸੱਤ ਜੜ ਦਿੱਤੀਆਂ ਜੋ ਕਿੱਲਿਉਂ ਖੁੱਲ੍ਹ ਕੇ ਟਾਹਲੀ ਨਾਲ ਐਵੇਂ ਖਹਿ ਰਹੀ ਸੀ।

"ਚੱਲ ਜਾਣ ਦੇ! ਕਿਉਂ ਬੇ-ਜ਼ੁਬਾਨੀ ਨੂੰ ਕੋਹਦਾ ਏਂ।" ਇਹ ਲਫ਼ਜ਼ ਮਾਂ ਨੇ ਸੁਣ ਲਏ। ਬੇ-ਜ਼ੁਬਾਨੀ .... ਬੇ-ਜ਼ੁਬਾਨੀ ..... ਬੇ-ਜ਼ੁਬਾਨੀ। .... ਔਰਤ? ਉਹ ਬੌਂਦਲ ਗਈ। ਉਸ ਨੂੰ ਲੱਗਾ ਜਿਵੇਂ ਮੇਰੇ ਪਿਉ ਨੇ ਮੱਝ ਦੇ ਨਹੀਂ ਸਗੋਂ ਉਸ ਦੇ ਪਰੈਣਾਂ ਮਾਰੀਆਂ ਸਨ। ਉਹ ਸੱਚਮੁੱਚ ਬੇ-ਜ਼ੁਬਾਨ ਸੀ।

ਇੰਦੀ ਦਾਈ ਤੋਂ ਸਿਵਾਏ ਘਰ ਦਾ ਇਕ ਵੀ ਜੀਅ ਮਾਂ ਦੀ ਤੀਮਾਰਦਾਰੀ ਲਈ ਨਹੀਂ ਸੀ ਬਹੁੜਿਆ। ਮਾਂ ਨੇ ਬਿਗਾਨਿਆਂ ਦੀਆਂ ਬਰਛੀਆਂ ਲਈਆਂ। ਪਰ ਉਹ ਆਪਣੇ ਹਾਣੀ ਦੇ ਦਰਸ ਲਈ ਤਰਸੀ ਪਈ ਸੀ। ਉਸਦੀ ਨਜ਼ਰ ਬੂਹੇ 'ਤੇ ਕੁਝ ਪਲ ਅਟਕ ਕੇ ਪਰਤ ਆਉਂਦੀ ਤੇ ਬੇਮਤਲਬ ਹੀ ਕੋਠੜੀ ਦੀਆਂ ਕੰਧਾਂ ਕੱਛਦੀ ਰਹਿੰਦੀ, ਜਿਨ੍ਹਾਂ ਤੋਂ ਪਾਰੋਂ ਉਸਨੂੰ ਕੁਝ ਮਿਲਿਆ ਨਹੀਂ ਸੀ। ਨਾ ਹੀ ਇਨ੍ਹਾਂ ਤੋਂ ਪਰ੍ਹੇ ਉਸਦੀ ਨਜ਼ਰ ਜਾਂਦੀ ਸੀ। ਉਸਦੇ ਕੰਨ ਕਿਸੇ ਜਾਣੀ-ਪਛਾਣੀ ਪੈੜਚਾਲ ਦੀ ਬਿੜਕ 'ਚ ਚੁਕੰਨੇ ਰਹਿੰਦੇ। ਉਸਦੇ ਹਰ ਸਾਹ 'ਚ ਨਹੋਰਾ ਸੀ - "ਵੈਰੀਆ, ਵੱਤਰ ਭੋਂ 'ਚ ਬੀਜ ਸੁੱਟ ਕੇ ਮੁੜ ਵੇਖੀ ਨਹੀਂ ਵਾਹੀ। ਇਸ 'ਚ ਮੇਰਾ ਕੀ ਦੋਸ਼ ਆ ਕਿ ਉੱਗਿਆ ਕੀ ਆ।" ਸੁੱਕੀ ਪੰਜੀਰੀ ਉਸ ਦੇ ਗਲੇ ਤੋਂ ਨਾ ਲੰਘਦੀ।

ਤੇਰ੍ਹਵਾਂ ਨਾ ਚੜ੍ਹਨ ਤੋਂ ਪਿਛੋਂ ਮਾਂ ਚੁੱਲ੍ਹੇ ਚੌਂਕੇ ਦਾ ਕੰਮ ਸੰਭਾਲਣ ਲੱਗ ਪਈ। ਕੰਮਾਂ ਦੇ ਘਮਸਾਣਾਂ 'ਚ ਮਾਂ ਮੈਨੂੰ ਵਕਤ ਸਿਰ ਦੁੱਧ ਨਾ ਚੁੰਘਾ ਸਕਦੀ। ਉਸ ਨੂੰ ਸਹੋਤਾਂ ਸੁਣਨੀਆਂ ਪੈਂਦੀਆਂ "ਲਾਲ ਜਣਦੀ ਦਾ ਫੂਹਾ ਟੁੱਟ ਗਿਆ ਹੋਊ, ਜੁ ਕੰਮ ਨੂੰ ਕਾਹਲੀ ਨੀ ਵਗਦੀ?" ਮੇਰਾ ਪਿਉ ਵੀ ਦਾਲ-ਸਬਜ਼ੀ 'ਚ ਖਾਹ-ਮਖਾਹ ਨੁਕਸ ਕੱਢਦਾ ਤੇ ਕਈ ਵਾਰ ਬਗ਼ੈਰ ਰੋਟੀ ਖਾਧਿਆਂ ਵਗ ਜਾਂਦਾ। ਮਾਂ ਨੂੰ ਚੁੱਲ੍ਹੇ ਦੀ ਸਵਾਹ ਅਥਰੂਆਂ ਨਾਲ ਭਿਉਣ ਲਈ ਛੱਡ ਜਾਂਦਾ। ਅੰਕੀ-ਬੰਕੀ ਕਈ ਵਾਰੀ ਮੈਨੂੰ ਦੁੱਧ ਚੁੰਘਾਉਂਦੀ ਮੇਰੇ ਨਾਲ ਹੀ ਗੱਲਾਂ ਕਰਨ ਲੱਗ ਪੈਂਦੀ - "ਚੰਦਰੀਏ, ਤੂੰ ਸਾਡੇ 'ਚ ਇਹ ਕਿਹੀ ਵਿੱਥ ਪਾ ਤੀ ਸੂ? ਅੱਗੇ ਤਾਂ ਮਹੀਨੇ 'ਚ ਇਕ ਅੱਧੀ ਵਾਰੀ ਬੁਲਾਉਂਦਾ ਹੀ ਸੀ ਹੁਣ ਤਾਂ ਉਸ ਦੀਆਂ ਅੱਖਾਂ 'ਚੋਂ ਭਿਆਨਕ ਰੋਹ ਦਾ ਭੈਅ ਆਉਂਦੈ। ਇਸ ਨਾਲੋਂ ਤਾਂ ਤੂੰ ਜੰਮਦੀਉਂ ਈ ਮੁੱਕ ਜਾਂਦੀ।"

ਟਾਹਲੀਆਂ ਨੂੰ ਵਾੜਾਂ ਕੀਤੀਆਂ ਗਈਆਂ। ਵਕਤ ਸਿਰ ਪਾਣੀ ਦਿੱਤਾ ਜਾਂਦਾ। ਘਰ ਦੀ ਰਾਖੀ ਲਈ ਪਾਲੇ ਕੁੱਤੇ ਨੂੰ ਰੋਜ਼ਵਾਂ ਦੁੱਧ ਮਿਲਦਾ। ਪਰ ਮੈਨੂੰ ? ...... ਮਾਂ ਦੇ ਬਹੁਤਿਆਂ ਥੱਕ ਜਾਣ ਕਰਕੇ ਉਸਦਾ ਦੁੱਧ ਵਿਗਾੜ ਕਰਦਾ। ਅਕਸਰ ਮੈਨੂੰ ਟੱਟੀਆਂ ਲੱਗ ਜਾਂਦੀਆਂ। ਦਾਦੀ ਦੀਆਂ ਅੱਖਾਂ 'ਚ ਮੇਰਾ ਜਿਸਮ ਜੁੱਸਾ ਫਿਕਰ ਦੀ ਥਾਂ ਕੁਝ ਹੋਰ ਹੀ ਕਰ ਦਿੰਦਾ।

ਮੇਰੀ ਨਾਨੀ ਨੇ ਮੇਰਾ ਛੁਟਕਾਰਾ ਕਰਵਾਇਆ। ਉਸ ਨੇ ਧੀ ਨੂੰ ਕੜਮਾਂ ਦੇ ਗੁੱਝੇ ਕੋਹੜਿਆਂ ਤੋਂ ਬਚਾਉਣ ਲਈ ਦੋਹਤੀ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਨਾਨਕੇ ਪਰਿਵਾਰ 'ਚ ਮੈਨੂੰ ਵਧੀਆ ਮਾਹੌਲ ਮਿਲਿਆ - ਜੋ ਬੱਚੇ ਦੀ ਸਖਸ਼ੀਅਤ ਦੀ ਉਸਾਰੀ ਲਈ ਲਾਜ਼ਮੀ ਹੁੰਦਾ ਹੈ। ਹੁਣ ਜਦੋਂ ਕਦੀ ਮਾਂ ਵੀ ਪੇਕੀਂ ਆਉਂਦੀ ਤਾਂ ਉਸ ਦੇ ਚਿਹਰੇ 'ਤੇ ਸਕੂਨ ਟਹਿਕਦਾ ਲੱਗਦਾ। ਪਿਛਲੇ ਵਰ੍ਹਿਆਂ 'ਚ ਉਸ ਨੂੰ ਲਾਲਾਂ ਦੀ ਜੋੜੀ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ। ਤੇ ਲੱਗਦਾ ਸੀ, ਜਿਵੇਂ ਮਾਂ ਦੀ ਜ਼ਿੰਦਗੀ ਦੀਆਂ ਉਚਾਣਾਂ ਨਿਵਾਣਾਂ ਸਾਵੀਆਂ ਹੋ ਗਈਆਂ ਹੋਣ!

ਮੇਰੀ ਬੱਚੀ ਦੇ ਰੋਣ ਦੀ ਤਿੱਖੀ ਆਵਾਜ਼ ਨੇ ਮੈਨੂੰ ਮਾਂ ਦੇ ਜ਼ਿੰਦਗੀ-ਪੰਧ 'ਚੋਂ ਕੱਢ ਕੇ ਮੇਰੀ ਆਪਣੀ ਜ਼ਿੰਦਗੀ ਦੇ ਕਟਹਿਰੇ 'ਚ ਲੈ ਆਂਦਾ। ਨਰਸ ਬੱਚੀ ਦਾ ਫੀਡ ਲੈ ਆਈ ਤੇ ਦੁੱਧ ਚੁੰਘਾਉਣ ਲਈ ਉਸ ਨੂੰ ਮੈਨੂੰ ਥਮ੍ਹਾ ਗਈ। ਉਹ ਨਿੱਕੇ ਨਿੱਕੇ ਪੱਚਾਕੇ ਮਾਰ ਮਾਰ ਦੁੱਧ ਪੀ ਰਹੀ ਸੀ।

ਅਚਾਨਕ ਉਸ ਦੇ ਚੰਦ ਡੋਡੀਆਂ ਵਰਗੇ ਹੋਠਾਂ ਵੱਲ ਵੇਖਦਿਆਂ ਮੈਂ ਤ੍ਰਬਕ ਗਈ। ਮੇਰੇ ਜਜ਼ਬਾਤਾਂ 'ਚ ਭੁਚਾਲ ਆ ਗਿਆ। ਮੇਰਾ ਮੱਥਾ ਜੁਲਾਈ ਮਹੀਨੇ ਵਾਂਗ ਸਲ੍ਹਾਬ ਗਿਆ। ਮੇਰੀ ਟੁੱਟੀ ਬਾਂਹ 'ਚ ਸਰਸਰਾਹਟ ਹੋਈ। ਮੇਰੇ

ਹੱਥਾਂ ਨੇ ਡੋਰੀਆਂ ਤੋਂ ਖਿੜਨ ਤੱਕ ਦਾ ਸਫ਼ਰ ਅਜੇ ਮਸਾਂ ਮਸਾਂ ਤਹਿ ਕੀਤਾ ਸੀ ਕਿ ਇਕ ਦੁਰਘਟਨਾਂ 'ਚ ਮੈਂ ਇਕ ਹੱਥ ਗਵਾ ਬੈਠੀ।

ਜ਼ਿੰਦਗੀ ਸਫ਼ਰਾਂ ਦੀ ਲੰਮੀ ਦਾਸਤਾਨ ਹੈ - ਹੱਥਾਂ ਦਾ ਸਫ਼ਰ ਸ਼ਾਇਦ ਸਭ ਤੋਂ ਅਹਿਮ ਹੈ - ਇਹ ਜ਼ਿੰਦਗੀ ਦੇ ਸਿਰਜਣਹਾਰ ਜੁ ਹੋਏ।

ਮੇਰੇ ਪਰਿਵਾਰ ਲਈ ਮੇਰੀ ਹੋਂਦ ਮਿੱਟੀ ਦੇ ਪਹਾੜ ਤੋਂ ਪੱਥਰ ਦੇ ਪਹਾੜ 'ਚ ਬਦਲ ਗਈ। ਮਾਂ ਦੇ ਚਿਹਰੇ ਦੀਆਂ ਛਾਈਆਂ 'ਚੋਂ ਮਾਪਣ ਵਾਲੀਆਂ ਨਜ਼ਰਾਂ ਇਸ ਪਹਾੜ ਦੀ ਉਚਾਈ ਮਾਪ ਸਕਦੀਆਂ ਸਨ। ਨਾਨੀ ਦੇ ਚਿਹਰੇ ਦੀਆਂ ਝੁਰੜੀਆਂ ਹੋਰ ਸੰਘਣੀਆਂ ਹੋ ਗਈਆਂ। ਮਾਂ ਮੈਨੂੰ ਨਾਨਕਿਆਂ ਤੋਂ ਵਾਪਸ ਲੈ ਆਈ। ਉਹ ਮੇਰਾ ਸਾਇਆ ਬਣ ਗਈ। ਮੇਰੇ ਨਾਲ ਸੌਂਦੀ। ਰਾਤਾਂ ਦੇ ਗਰਭ 'ਚ ਉਸਦਾ ਦਰਦ ਪਲਦਾ। ਅੱਖਾਂ ਦੇ ਖਾਰੇ ਪਾਣੀਆਂ 'ਚ ਹਰ ਰੋਜ਼ ਧੀ ਦਾ ਭਵਿੱਖ ਰੁੜ੍ਹਦਾ। ਉਸ ਨੂੰ ਆਪਣੀ ਜ਼ਿੰਦਗੀ ਦੇ ਸੁੱਖਾਂ ਦੀ ਤਮੰਨਾ ਵਿਸਰ ਗਈ।

ਟਾਹਣੀਆਂ ਦੀ ਛਾਂ ਤਾਂ ਸਾਰਿਆਂ ਲਈ ਸੁਖਾਵੀਂ ਬਣ ਗਈ ਪਰ ਮੇਰੇ ਬਿਰਛ ਦੀਆਂ ਟਾਹਣੀਆਂ ਛਾਂਗ ਹੋ ਗਈਆਂ। ਉਂਜ ਵੀ ਮੇਰੀ ਛਾਂ 'ਤੇ ਤਾਂ ਪਹਿਲੋਂ ਹੀ ਕਿਸੇ ਨੂੰ ਯਕੀਨ ਨਹੀਂ ਸੀ। ਸਭ ਤੋਂ ਵੱਧ ਇਸ ਧੁੱਪ 'ਚ ਮੇਰੇ ਮਾਂ-ਪਿਉ ਸੜਦੇ ਸਨ।

ਸਕੂਲ 'ਚ ਵਾਤਾਵਰਣ ਅਜੀਬ ਪ੍ਰਕਾਰ ਦਾ ਬਣ ਗਿਆ। ਕੁਝ ਬੱਚੇ ਮੇਰੀ ਬਾਂਹ ਵੇਖ ਕੇ ਸਹਿਮ ਜਾਂਦੇ। ਕੁਝ ਮਜ਼ਾਕ ਕਰਦੇ ਤੇ ਕਈ ਤਰਸ। ਮੇਰੀ ਅੰਦਰ ਚੁੱਪੀ ਲੜਖੜਾਉਂਦੀ ਰਹੀ। ਕਈ ਵਾਰੀ ਘਰ 'ਚ ਮੇਰੇ ਸਕੂਲ ਜਾਣ ਬਾਰੇ ਬਹਿਸਾਂ ਹੁੰਦੀਆਂ। ਮੇਰਾ ਬਾਬਾ ਚਾਹੁੰਦਾ ਸੀ ਕਿ ਮੈਂ ਘਰ ਹੀ ਰਹਾਂ ਤੇ ਇਵੇਂ ਹੀ ਕਿਸੇ ਲੋੜਵੰਦ ਦੇ ਪੱਲੇ ਪਾ ਦਿਆਂਗੇ। ਪਰ ਸਾਰੀ ਘੂਰ-ਘੂਰ ਦੇ ਬਾਵਜੂਦ ਮੈਂ ਪੜ੍ਹਨ ਜਾਂਦੀ ਰਹੀ। ਇਕ ਅਧਿਆਪਕ ਨੇ ਜ਼ਿੰਦਗੀ 'ਚ ਮੇਰਾ ਵਿਸ਼ਵਾਸ਼ ਮਜ਼ਬੂਤ ਕਰਨ 'ਚ ਬੜੀ ਮਦਦ ਕੀਤੀ ਤੇ ਤਰ੍ਹਾਂ ਤਰ੍ਹਾਂ ਦੇ ਦੇਸ਼-ਪਰਦੇਸਾਂ ਦੀਆਂ ਕਹਾਣੀਆਂ ਸੁਣਾਈਆਂ, ਜਿੰਨ੍ਹਾਂ ਦੇ ਪਾਤਰ ਮੇਰੇ ਨਾਲੋਂ ਵੱਧ ਲਾਚਾਰ ਹੁੰਦੇ ਹੋਏ ਵੀ ਜ਼ਿੰਦਗੀ 'ਚ ਵਧੀਆ ਸਿਰਜਣਾਤਮਕ ਕੰਮ ਕਰ ਸਕੇ। ਮੇਰੇ ਅੰਦਰ ਵੀ ਤਬਦੀਲੀ ਆਉਂਦੀ ਗਈ। ਮਾਂ ਨੂੰ ਮੈਂ ਰੋਣ-ਧੋਣ ਤੋਂ ਵਰਜ ਦਿੱਤਾ। ਫਿਰ ਉਹ ਰੋਂਦੀ ਤਾਂ ਸੀ, ਪਰ ਲੁਕ ਛਿਪ ਕੇ।

ਮੇਰੇ ਜੀਵਨ 'ਚ ਸੁਪਨਿਆਂ ਨੂੰ ਖੰਭ ਲੱਗ ਗਏ। ਪੜ੍ਹਾਈ 'ਚ ਸਖ਼ਤ ਮਿਹਨਤ ਸਦਕਾ ਮੈਂ ਜਮਾਤ 'ਚੋਂ ਫਸਟ ਆਉਂਦੀ। ਇੰਗਲੈਂਡ ਆ ਕੇ ਵੀ ਮੈਂ ਆਪਣੇ ਪੈਰ ਜਮਾ ਲਏ। ਘਰ ਦੇ ਕੰਮ ਧੰਦਿਆਂ 'ਚ ਵੀ ਮਾਹਿਰ ਹੋ ਗਈ। ਮੇਰਾ ਦਿਮਾਗ਼, ਮੇਰੀ ਉਮਰ ਨਾਲੋਂ ਤਿੱਖਾ ਨਿੱਕਲਿਆ। ਘਰੋਗੀ, ਸਮਾਜਕ, ਮਾਨਸਿਕ ਮਸਲਿਆਂ ਤੇ ਮੇਰੀਆਂ ਸਲਾਹਾਂ ਲਈਆਂ ਜਾਂਦੀਆਂ।

....ਤੇ ਫਿਰ ਉਹ ਦਿਨ ਵੀ ਆਣ ਢੁੱਕਾ ਜਦੋਂ ਮੈਂ ਜ਼ਿੰਦਗੀ ਦੀ ਸਿਖ਼ਰ ਛੋਹੀ ਮਹਿਸੂਸ ਕੀਤੀ। ਟੀਚਿੰਗ ਦਾ ਕੋਰਸ ਪੂਰਾ ਹੁੰਦਿਆਂ ਹੀ ਮੈਨੂੰ ਨੌਕਰੀ ਮਿਲ ਗਈ। ਜਿਸ ਦਿਨ ਮੇਰੀ ਪਹਿਲੀ ਤਨਖ਼ਾਹ ਬੈਂਕ 'ਚ ਜਮ੍ਹਾਂ ਹੋਈ ਤਾਂ ਮੇਰੀ ਹੋਂਦ ਦਾ ਪੱਥਰ ਦਾ ਪਹਾੜ ਹੁਣ ਬਰਫ਼ ਦੇ ਪਹਾੜ 'ਚ ਬਦਲ ਗਿਆ। ਪਰ ਇਕ ਫ਼ਿਕਰ ਅਜੇ ਵੀ ਘਰ 'ਚ ਸਹਿਮ ਬਣ ਕੇ ਛਾਇਆ ਹੋਇਆ ਸੀ — ਮੇਰਾ ਵਿਆਹ।

ਕਈ ਥਾਵੀਂ ਗੱਲ ਚੱਲੀ ਪਰ ਪੂਰੀ ਨਾ ਪਈ। ਔਰਤ ਤਾਂ ਪੂਰੀ ਵੀ ਕਦੇ ਗੁਣਾਂ ਨਾਲ ਹੀ ਪਰਵਾਨ ਚੜ੍ਹਦੀ ਹੈ, ਮੇਰੇ ਲਈ ਕੌਣ 'ਹਾਂ' ਕਰਦਾ? ਮਾਂ ਦੀਆਂ ਅੱਖਾਂ 'ਚੋਂ ਨੀਂਦ ਉਡ ਗਈ। ਪਿਉ ਨੇ ਸ਼ਰਾਬ ਦੇ ਪਿਆਲੇ 'ਚ ਆਪਣੀ ਬੇਚੈਨਤਾ ਡੋਬ ਲਈ। ਪਰ ਮੈਂ ਸਾਰਾ ਕੁਝ ਸਮਝਦੀ ਹੋਈ ਵੀ ਨਾ ਸਮਝਣ ਦਾ ਬਹਾਨਾ ਕਰਦੀ ਰਹੀ। ਬਾਰ-ਬਾਰ ਉਸ ਔਰਤ ਬਾਰੇ ਸੋਚਦੀ ਰਹੀ ਜੋ ਆਪਣੇ ਪਿੰਗਲੇ ਪਤੀ ਨੂੰ ਰੇੜ੍ਹੀ 'ਚ ਪਾਈ ਪਿੰਡੋਂ-ਪਿੰਡ ਲਈ ਫਿਰਦੀ ਸੀ।

ਪਰ ਪਤਾ ਨਹੀਂ ਕਿਉਂ? ਮੈਂ ਸੁਪਨੇ ਬੀਜੇ ਸਨ ਤੇ ਇਨ੍ਹਾਂ ਦੇ ਸੱਚੇ ਹੋਣ 'ਚ ਮੈਨੂੰ ਪੂਰਾ ਯਕੀਨ ਸੀ। ਸਕੂਲ ਅਧਿਆਪਕ ਵੱਲੋਂ ਦਿੱਤੀ ਗਈ ਪਾਰਟੀ 'ਚ ਇਕ ਹਮ-ਉਮਰ ਨੌਜਵਾਨ ਖ਼ਾਮੋਸ਼ ਮੇਰੇ 'ਚ ਦਿਲਚਸਪੀ ਲੈਂਦਾ ਰਿਹਾ ਤੇ ਜਾਣ ਲੱਗਿਆਂ ਮੈਨੂੰ ਕਹਿ ਗਿਆ — ਫਲਾਣੇ ਵੀਕ 'ਚ ਮੈਂ ਛੇ ਵਜੇ ਫ਼ੋਨ ਉਡੀਕ ਕਰਾਂਗਾ। ਉਨ੍ਹਾਂ ਅੱਖਾਂ ਨੇ ਦਰਦ ਵੰਡ-ਵੰਡਾਉਣ ਦਾ ਪੈਗਾਮ ਮੇਰੇ ਤੱਕ ਪਹੁੰਚਾਇਆ। ਮੇਰੇ ਧਰਤੀ ਪੈਰ ਨਹੀਂ ਸਨ ਲੱਗਦੇ। ਉਸ ਦੇ ਮਨ-ਮੰਦਰ 'ਚ ਮੈਂ ਪਰਵਾਨ ਹੀ ਨਹੀਂ ਸਾਂ ਹੋਈ, ਸਗੋਂ ਉਸ ਨੇ ਅਹਿਸਾਸ ਕਰਵਾਇਆ ਕਿ ਉਹ ਆਪ ਸਵਾਲੀ ਬਣ ਕੇ ਆਇਆ ਸੀ।

...ਸਾਡਾ ਵਿਆਹ ਹੋ ਗਿਆ। ਹੁਣ ਜੀਵਨ 'ਚ ਉਸਰਿਆ ਬਰਫ਼ ਦਾ ਪਹਾੜ ਵੀ ਖੁਰ ਗਿਆ। ਹਰ ਉਹ ਨਜ਼ਰ ਜੋ ਮੇਰੇ ਪੈਂਦਿਆਂ ਹੀ ਮੈਨੂੰ ਛੁਟਿਆਉਂਦੀ ਰਹੀ ਸੀ - ਹੁਣ ਮੇਰੇ ਸਾਹਮਣੇ ਨਜ਼ਰਾਂ ਉਚੀਆਂ ਕਰਨ ਤੋਂ ਕੰਨੀਂ ਕਤਰਾਉਣ ਲੱਗੀ।

ਹੁਣ ਦੁਬਾਰਾ ਵਿਜ਼ਿਟਿੰਗ ਟਾਈਮ ਹੋਣ ਵਾਲਾ ਸੀ। ਬੱਚੀ ਨੂੰ ਦੁੱਧ ਪਿਲਾ, ਨੈਪੀ ਬਦਲ ਕੇ ਉਸ ਦੇ ਮੂੰਹ ਮੱਥੇ ਨੂੰ ਸਾਫ਼ ਕਰਕੇ ਮੈਂ ਪਰਾਮ 'ਚ ਲਿਟਾ ਦਿੱਤਾ। ਸਭ ਤੋਂ ਪਹਿਲਾਂ ਮੇਰਾ ਹਮ-ਸਫ਼ਰ ਆਇਆ। ਫੁੱਲਾਂ ਦੇ ਗੁਲਦਸਤੇ ਦੀ ਖੁਸ਼ਬੋ ਦਾ ਅਹਿਸਾਸ ਮੇਰੇ ਰੋਮ-ਰੋਮ 'ਚ ਰਚ ਗਿਆ ਤੇ ਉਨ੍ਹਾਂ ਮੋਹ-ਲੱਦੀਆਂ ਨਜ਼ਰਾਂ ਨਾਲ ਮੇਰੀ ਸਿਹਤ ਬਾਰੇ ਪੁੱਛਿਆ। ਫਿਰ ਬੱਚੀ ਨੂੰ ਗੋਦ 'ਚ ਲੈ ਕੇ ਪਿਆਰਦੇ ਰਹੇ।

ਕੁਝ ਮਿੰਟਾਂ 'ਚ ਮੇਰੀ ਚਾਚੀ ਵੀ ਆ ਗਈ ਤੇ ਆਉਂਦਿਆਂ ਸਾਰ ਹੀ ਮੇਰੇ ਗਲ ਲੱਗ ਕੇ ਰੋਣ ਲੱਗ ਪਈ – ਹਟਕੋਰੇ ਤੇ ਹਟਕੋਰਾ – ਜਿਵੇਂ ਅਸਮਾਨ ਸਿਰਾਂ ਤੇ ਡਿੱਗ ਪਿਆ ਹੋਵੇ! ਅਸੀਂ ਉਸ ਨੂੰ ਬੜੀ ਮੁਸ਼ਕਲ ਨਾਲ ਚੁੱਪ ਕਰਵਾਇਆ। (ਬਾਕੀ ਸਫ਼ਾ 22)

# MOONLIGHT STEAM CLEANERS

## EDMONTON, ALBERTA
## PHONE (24 HRS.) - PIARA PARMAR (463-9702)

FOR ALL YOUR CLEANING NEEDS

- CARPETS
- UPHOLSTERY
- AUTO INTERIOR (CARS, VANS, CAMPERS)
- SCOTCH—GUARDING (ON REQUEST)
- FLOOD CLEANUPS
- FIRE RESTORATION
- DEODORIZING
- 100% SATISFACTION GUARANTEED (in writing)
- INSURED & BONDED FOR YOUR PROTECTION
- OWNER OPERATED
- FREE ESTIMATES

**CALL TODAY TO EXTEND THE LIFE OF YOUR CARPET & FURNITURE**


# ਪੰਜਾਬ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ ਕੈਨੇਡਾ ਅਤੇ ਇੰਗਲੈਂਡ ਆਉਣ ਦਾ ਪ੍ਰੋਗਰਾਮ

ਪੰਜਾਬ ਦੇ ਜਾਣੇ ਪਛਾਣੇ ਅਗਾਂਹਵਧੂ ਨਾਟਕਕਾਰ ਸ. ਗੁਰਸ਼ਰਨ ਸਿੰਘ ਨੇ ਇਸ ਸਾਲ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟਿਨ) ਦੇ ਸੱਦੇ ਤੇ ਕੈਨੇਡਾ ਅਤੇ ਇੰਗਲੈਂਡ ਦਾ ਦੌਰਾ ਕਰਨ ਸਵੀਕਾਰ ਕਰ ਲਿਆ ਹੈ।

ਸ. ਗੁਰਸ਼ਰਨ ਸਿੰਘ, ਜੋ ਕਿ ਪਿਛਲੇ 20 ਸਾਲਾਂ ਤੋਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਹਨ, ਪੰਜਾਬੀ ਦੇ ਤਕਰੀਬਨ 150 ਡਰਾਮੇ ਲਿਖ ਚੁੱਕੇ ਹਨ। ਉਨ੍ਹਾਂ ਦੇ ਡਰਾਮੇ ਪੰਜਾਬ ਦੇ ਸੈਂਕੜੇ ਹੀ ਪਿੰਡਾਂ ਵਿਚ ਅਣਗਿਣਤ ਵਾਰੀ ਖੇਡੇ ਜਾ ਚੁੱਕੇ ਹਨ।

ਸ. ਗੁਰਸ਼ਰਨ ਸਿੰਘ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ 7 - ਮੈਂਬਰੀ ਡਰਾਮਾ ਟੀਮ ਲੈ ਕੇ ਮਈ ਵਿਚ ਕੈਨੇਡਾ ਪਹੁੰਚਣਗੇ। ਉਨ੍ਹਾਂ ਦੇ ਡਰਾਮਿਆਂ ਦੇ ਪ੍ਰੋਗਰਾਮ ਵੈਨਕੂਵਰ, ਕੈਲਗਰੀ, ਐਡਮੰਟਨ, ਵਿਨੀਪੈਗ, ਟਰਾਂਟੋ, ਮੰਟਰੀਅਲ, ਅਤੇ ਕੈਨੇਡਾ ਦੇ ਹੋਰਨਾਂ ਸ਼ਹਿਰਾਂ ਵਿਚ ਕਰਵਾਏ ਜਾਣਗੇ। ਐਡਮੰਟਨ ਵਿਚ ਪ੍ਰੋਗਰਾਮ ਪੰਜਾਬੀ ਸਾਹਿਤ ਸਭਾ ਐਡਮੰਟਨ ਵਲੋਂ ਅਤੇ ਵਿਨੀਪੈਗ ਵਿਚ ਪ੍ਰੋਗਰਾਮ ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈਗ ਵਲੋਂ ਕਰਵਾਏ ਜਾਣਗੇ।

ਗੁਰਸ਼ਰਨ ਸਿੰਘ ਹੋਰਾਂ ਦੇ ਕੈਨੇਡਾ ਆਉਣ ਦੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਹਰਿੰਦਰ ਮਾਹਲ ਨੂੰ (604)588-0002 ਤੇ, ਜਾਂ ਟਰਾਂਟੋ ਵਿਚ ਗੁਰਮੀਤ ਕੰਗ ਨੂੰ 792-2500 'ਤੇ ਫੂਨ ਕਰੋ।

ਐਡਮੰਟਨ ਵਿਚ ਜਾਣਕਾਰੀ ਲਈ ਨਾਟਵਿੰਦਰ (403-4357469) ਅਤੇ ਵਿਨੀਪੈੱਗ ਵਿਚ ਜੁਗਰਾਜ ਸਿੰਘ ਰਤਨ (204-7837726) ਨੂੰ ਫੋਨ ਕਰੋ।

ਸਥਾਈ ਕਾਲਮ :

# ਸਾਹਿੱਤਕ ਖਬਰਸਾਰ

(ਸੁਰਿੰਦਰ ਧੰਜਲ)

## ੧. ਤੀਜਾ ਵਿਸ਼ਵ ਪੰਜਾਬੀ ਸੰਮੇਲਨ

18 ਜਨਵਰੀ 83 ਨੂੰ ਦਿੱਲੀ ਵਿੱਚ ਅੰਤਰਰਾਸ਼ਟਰੀ ਤਾਲਮੇਲ ਕਮੇਟੀ (ਜੋ ਕਿ ਪਹਿਲੇ ਵਿਸ਼ਵ ਸੰਮੇਲਨ ਸਮੇਂ ਜੂਨ 80 ਵਿੱਚ ਸਥਾਪਤ ਹੋਈ ਸੀ) ਦੀ ਡਾ: ਵਿਸ਼ਵਾ ਨਾਥ ਤਿਵਾੜੀ ਐੱਮ.ਪੀ. ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਫ਼ੈਸਲਾ ਹੋਇਆ ਹੈ ਕਿ ਤੀਜਾ ਵਿਸ਼ਵ ਪੰਜਾਬੀ ਸੰਮੇਲਨ ਦਸੰਬਰ 83 ਵਿੱਚ **ਦਿੱਲੀ** ਵਿੱਚ ਕੀਤਾ ਜਾਵੇ। ਪਿਛਲੇ ਅੰਕ ਵਿੱਚ ਦਿੱਤੀ ਸਾਡੀ ਉਦਾਸ ਟਿੱਪਣੀ, ਕਿ 'ਤੀਜੀ ਵਿਸ਼ਵ ਕਾਨਫਰੰਸ (?)' ਮਈ-ਜੂਨ 83 ਵਿੱਚ ਕੈਨੇਡਾ ਵਿੱਚ ਕੀਤੇ ਜਾਣ ਲਈ ਵੀ ਕੁਝ ਲੋਕ ਕਸਰਤਾਂ ਕਰ ਰਹੇ ਹਨ, ਦੇ ਮੁਕਾਬਲੇ 19 ਜਨਵਰੀ ਦੇ ਟ੍ਰੀਬਿਊਨ ਚੰਡੀਗੜ੍ਹ ਵਿੱਚ ਛਪੀ ਇਹ ਨਵੀਂ ਖ਼ਬਰ ਪੰਜਾਬੀ ਸਾਹਿੱਤ ਅਤੇ ਸੱਭਿਆਚਾਰ ਦੇ ਗੰਭੀਰ ਪ੍ਰੇਮੀਆਂ ਲਈ ਅਤਿਅੰਤ ਖ਼ੁਸ਼ੀ ਭਰੀ ਹੈ। ਅਸੀਂ ਅੰਤਰਰਾਸ਼ਟਰੀ ਕਮੇਟੀ ਦੇ ਇਸ ਫ਼ੈਸਲੇ ਦਾ ਦਿੱਲੋਂ ਸਵਾਗਤ ਕਰਦੇ ਹਾਂ ਜਿਸਨੇ ਕੈਨੇਡਾ ਵਿੱਚ ਇੱਕ ਹੋਰ ਸਾਹਿੱਤਕ ਹਾਦਸਾ ਵਾਪਰਨੋਂ ਬਚਾਕੇ ਅੰਤਰਰਾਸ਼ਟਰੀ ਤਾਲਮੇਲ ਕਮੇਟੀ ਦੀ ਸਮਰੱਥਾ/ਯੋਗਤਾ ਵਿੱਚ ਸਾਡਾ ਵਿਸ਼ਵਾਸ਼ ਮੁੜ ਕਾਇਮ ਕੀਤਾ ਹੈ।

ਵਿਸ਼ਵ ਪੰਜਾਬੀ ਸੰਮੇਲਨਾਂ ਬਾਰੇ ਕੈਨੇਡਾ ਦੇ ਪੰਜਾਬੀ ਪਰਚਿਆਂ ਅਤੇ ਹਿੰਦੁਸਤਾਨ ਦੇ ਪੰਜਾਬੀ ਪਰਚਿਆਂ (ਖ਼ਾਸ ਕਰਕੇ 'ਲੋਅ' ਅੰਮ੍ਰਿਤਸਰ) ਵਿੱਚ ਅੱਜ ਕਲ ਕਾਫ਼ੀ ਚਰਚਾ ਹੈ। ਕੈਨੇਡਾ ਦੇ ਸਾਹਿੱਤ-ਪ੍ਰੇਮੀਆਂ ਲਈ ਇਸ ਚਰਚਾ ਦੇ ਵਿਸ਼ੇਸ਼ ਅਰਥ ਹਨ ਕਿਉਂਕਿ ਦੂਜੇ ਅਖੌਤੀ ਵਿਸ਼ਵ ਪੰਜਾਬੀ ਸੰਮੇਲਨ ਦਾ ਨਾਟਕ ਪਿਛਲੇ ਸਾਲ ਕੈਨੇਡਾ ਵਿੱਚ ਹੀ ਖੇਡਿਆ ਗਿਆ ਸੀ।

ਵਤਨੋਂ ਦੂਰ ਦਾ ਇਸ ਵਿਸ਼ੇ 'ਤੇ ਹਮੇਸ਼ਾਂ ਇਹੀ ਸਟੈਂਡ ਰਿਹਾ ਹੈ ਕਿ ਅਸੀਂ ਵਿਸ਼ਵ ਸੰਮੇਲਨ ਲੜੀ ਦੇ ਸੰਕਲਪ ਦੇ ਬੁਨਿਆਦੀ ਤੌਰ 'ਤੇ ਹੱਕ ਵਿੱਚ ਹਾਂ ਪਰ:

- ਕੈਨੇਡਾ ਦੇ 90% ਲੇਖਕਾਂ ਵੱਲੋਂ ਅਜਿਹੇ ਸੰਮੇਲਨ ਦੇ ਵਿਰੋਧ ਦੇ ਬਾਵਜੂਦ ਵੀ, ਕਿ ਕੈਨੇਡਾ ਦੀ ਮੌਜੂਦਾ ਭੂਗੋਲਕ/ਸਾਹਿੱਤਕ ਸਥਿਤੀ ਹਾਲੇ ਵਿਸ਼ਵ ਸੰਮੇਲਨ ਵਰਗੇ ਵਿਸ਼ਾਲ ਕਾਰਜ ਨਾਲ ਪੂਰਾ ਪੂਰਾ ਇਨਸਾਫ਼ ਕਰਨ ਦੀ ਬਿਲਕੁੱਲ ਇਜਾਜ਼ਤ ਨਹੀਂ ਦਿੰਦੀ, ਓਟਵਾ ਵਿੱਚ ਇਸ ਨਾਟਕ ਦਾ ਵਾਪਰਨਾ;
- ਕਿਸੇ ਵੀ ਮੀਟਿੰਗ(?) ਵਿੱਚ ਪ੍ਰਬੰਧਕਾਂ ਤੇ ਦਰਸ਼ਕਾਂ ਨੂੰ ਮਿਲਾਕੇ ਸਰੋਤਿਆਂ ਦੀ ਗਿਣਤੀ ਦਾ ਚਾਲੀਆਂ ਤੋਂ ਵੀ ਘੱਟ ਰਹਿਣਾ;
- ਪ੍ਰਬੰਧਕੀ ਬੋਰਡ ਦੇ ਬਹੁਤੇ ਮੈਂਬਰਾਂ/ਸਮਰਥਕਾਂ ਦਾ ਵਲ ਵਿੰਗ ਪਾਕੇ ਸੰਮੇਲਨ ਦੀ ਅਸਫਲਤਾ ਨੂੰ ਮੰਨ ਵੀ ਲੈਣਾ ਅਤੇ ਮੁੱਕਰੀ ਵੀ ਜਾਣਾ;
- ਨਾਮ-ਧਰੀਕ/ਵਪਾਰੀ ਕਿਸਮ ਦੇ/ਅਪ੍ਰਸਿੱਧ ਵਿਅਕਤੀਆਂ ਨੂੰ ਵਿਸ਼ਵ-ਪੱਧਰ ਦੇ ਲੇਖਕ/ਪੱਤਰਕਾਰ ਗਰਦਾਨਣ ਲਈ ਜ਼ਿਦ ਕਰਨੀ;

ਅਜਿਹੇ ਤੱਥ ਹਨ ਜੋ ਕੈਨੇਡਾ ਦੇ ਦੂਜੇ ਅਖੌਤੀ ਵਿਸ਼ਵ ਸੰਮੇਲਨ ਦੀ ਤਹਿ/ਪਿਛੋਕੜ ਵਿੱਚ ਛੁਪੇ ਪਰਬੰਧਕਾਂ ਅਤੇ ਸਮਰਥਕਾਂ ਦੀ ਗੰਭੀਰਤਾ/ਸੁਹਿਰਦਤਾ ਨੂੰ ਸ਼ੱਕੀ ਬਣਾਉਂਦੇ ਹਨ। ਏਸੇ ਕਰਕੇ ਸਾਨੂੰ ਇਸ ਗੱਲ ਦਾ ਦੁੱਖ ਹੈ ਕਿ ਪਤਾ ਨਹੀਂ ਕਿਸ ਮਜ਼ਬੂਰੀ ਹੇਠ ਅੰਤਰਰਾਸ਼ਟਰੀ ਤਾਲਮੇਲ ਕਮੇਟੀ ਨੇ ਇਸ ਅਭੁੱਲ ਸਾਹਿੱਤਕ ਹਾਦਸੇ ਨੂੰ ਦੂਜੇ ਵਿਸ਼ਵ ਸੰਮੇਲਨ ਵਜੋਂ ਪ੍ਰਵਾਨ ਕਰ ਲਿਆ ਹੈ। ਸਾਡੇ ਖ਼ਿਆਲ ਵਿੱਚ ਤਾਲਮੇਲ ਕਮੇਟੀ ਦੀ ਇਹ ਪ੍ਰਵਾਨਗੀ ਸਗੋਂ ਪਹਿਲੇ ਵਿਸ਼ਵ ਪੰਜਾਬੀ ਸੰਮੇਲਨ ਦੀ ਸਫਲਤਾ ਨਾਲ ਵੀ ਮਖ਼ੌਲ ਹੈ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਨਾਲ ਵੀ; ਜਦੋਂ ਕਿ ਤਾਲਮੇਲ ਕਮੇਟੀ ਦੇ ਦੋਵੇਂ ਕੈਨੇਡੀਅਨ ਮੈਂਬਰ ਗੁਰਚਰਨ ਰਾਮਪੁਰੀ ਅਤੇ ਅਜਮੇਰ ਰੋਡੇ ਵੀ ਲੰਬੇ ਲੰਬੇ ਬਿਆਨਾਂ ਰਾਹੀਂ ਕਈ ਕਈ ਵਾਰ ਲਿਖਤੀ ਤੌਰ 'ਤੇ ਦੂਜੇ ਸੰਮੇਲਨ ਦਾ ਵਿਰੋਧ ਕਰਨ ਵਾਲੇ ਕੈਨੇਡੀਅਨ ਪੰਜਾਬੀ ਲੇਖਕਾਂ ਦੀ ਲੰਬੀ ਲਿਸਟ ਵਿੱਚ ਸ਼ਾਮਲ ਸਨ। ਯਾਦ ਰਹੇ ਕਿ ਗਿਰਗਟ ਵਾਂਗ ਰੰਗ ਵਟਾਉਣ ਵਾਲੇ ਕੁਝ ਕੁ ਦੋਗਲਿਆਂ (ਜਾਂ ਬਹੁ-ਗਲਿਆਂ) ਨੂੰ ਛੱਡਕੇ ਕੈਨੇਡਾ ਦੇ ਹੇਠ ਲਿਖੇ ਲੇਖਕਾਂ/ਪਰਚਿਆਂ/ਸੰਸਥਾਵਾਂ ਨੇ ਲਿਖਤੀ ਰੂਪ 'ਚ/ਮੀਟਿੰਗਾਂ ਰਾਹੀਂ ਇਸ ਨਾਟਕ ਦਾ ਵਿਰੋਧ ਕੀਤਾ ਸੀ:

- ਕੇਸਰ ਸਿੰਘ ਨਾਵਲਿਸਟ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਸੁਰਜੀਤ ਕਲਸੀ, ਸੁਖਿੰਦਰ, ਸਾਧੂ, ਦਰਸ਼ਨ ਗਿੱਲ, ਗੁਰਦਿਆਲ ਕੰਵਲ, ਸੂਫ਼ੀ ਅਮਰਜੀਤ, ਅਮਰਜੀਤ ਚਾਹਲ, ਲਾਟ ਭਿੰਡਰ, ਅਵਤਾਰ ਗਿੱਲ, ਸਤਵੰਤ ਦੀਪਕ, ਜਗਦੇਵ ਜਟਾਣਾ, ਸੁਖਵੰਤ ਹੁੰਦਲ, ਸਰਵਣ ਬੋਲ, ਜਰਨੈਲ ਸਿੰਘ, ਹਰੀ ਪਾਲ, ਦੇਵ ਜਟਾਣਾ, ਜਸਵੰਤ ਮਾਂਗਟ, ਹਰਦੇਵ ਵੜੈਚ, ਮਹਿੰਦਰ ਸੂਮਲ, ਹਰਜਿੰਦਰ ਰਾਹਾ, ਅੰਮ੍ਰਿਤ ਸ਼ੈਲਾ, ਜੀਵਨ ਰਾਮਪੁਰੀ, ਰਾਜਿੰਦਰ, ਕੁਲਵੰਤ ਸਰੋਤਾ, ਦਰਸ਼ਨ ਬੈਂਸ, ਨਵਤੇਜ ਭਾਰਤੀ, ਕਸ਼ਮੀਰਾ ਸਿੰਘ ਚਮਨ, ਤਾਰਾ ਸਿੰਘ ਹੇਅਰ
- ਵਤਨੋਂ ਦੂਰ, ਦਰਪਣ, ਇੰਡੋ ਕਨੇਡੀਅਨ ਟਾਇਮਜ਼, ਨਵਰੰਗ
- ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ, ਪੰ: ਲਿ: ਐ: ਐਡਮਿੰਟਨ, ਪੰ: ਲਿ: ਐ: ਫੋਰਟ ਨੈਲਸਨ।

ਸਮੁੱਚੇ ਪੰਜਾਬੀ ਜਗਤ ਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਕੁਝ ਸਵਾਰਥੀ ਕਿਸਮ ਦੇ ਲੋਕ ਕੱਲ ਨੂੰ ਕਿਸੇ ਹੋਰ ਖਿੱਤੇ ਵਿੱਚ ਅਜਿਹਾ ਸਟੰਟ ਰਚਣ ਦਾ ਹੀਆਂ ਨਾ ਕਰਨ ਜਿੱਥੋਂ ਦੇ ਹਾਲਾਤ ਕੈਨੇਡਾ ਵਾਂਗ ਅਜਿਹੇ ਸੰਮੇਲਨ ਦੇ ਅਨੁਕੂਲ ਨਾ ਹੋਣ। ਅਸੀਂ ਅੰਤਰਰਾਸ਼ਟਰੀ ਤਾਲਮੇਲ ਕਮੇਟੀ ਤੋਂ ਵੀ ਮੰਗ ਕਰਦੇ ਹਾਂ ਕਿ ਉਹ ਕੋਈ ਅਜਿਹਾ ਸਾਵਧਾਨੀ ਵਾਲਾ ਢਾਂਚਾ ਉਸਾਰਨ ਜਿਹੜਾ ਕੈਨੇਡਾ ਵਿਚਲੇ

ਨਾਟਕ ਵਰਗਾ ਕੋਈ ਹੋਰ ਹਾਦਸਾ ਵਾਪਰਨ ਦੀ ਜ਼ਿੰਮੇਵਾਰ ਲਾਲਸਾ / ਹਉਮੈਂ ਨੂੰ ਵੇਲੇ ਸਿਰ ਰੋਕ ਅਤੇ ਸਰਗਰਮੀਆਂ ਕਰੇ। ਇਸਤੋਂ ਬਿਨਾਂ, ਜਿਸ ਅੰਦਾਜ਼ ਵਿੱਚ ਕੈਨੇਡਾ ਦੇ ਲੇਖਕਾਂ / ਸਾਹਿੱਤਕ ਸੰਸਥਾਵਾਂ ਦੀ ਰਾਇ / ਸੰਮਤੀ ਤੋਂ ਬਿਨਾਂ ਹੀ ਗੁਰਚਰਨ ਰਾਮਪੁਰੀ ਅਤੇ ਅਜਮੇਰ ਰੋਡੇ ਨੂੰ ਪਹਿਲਾਂ ਅੰਤਰਰਾਸ਼ਟਰੀ ਤਾਲਮੇਲ ਕਮੇਟੀ ਨੇ ਆਪਣੇ ਮੈਂਬਰ ਚੁਣ ਲਿਆ ਸੀ, ਮਗਰੋਂ ਇਨ੍ਹਾਂ ਦੋਹਾਂ ਨੂੰ ਵੀ ਪੁੱਛੇ ਦੱਸੇ ਬਿਨਾਂ ਤੀਜਾ ਮੈਂਬਰ ਰਵਿੰਦਰ ਰਵੀ ਐਲਾਨ ਦਿੱਤਾ ਸੀ ਅਤੇ ਰਾਮਪੁਰੀ ਤੇ ਰੋਡੇ ਦੇ ਵਿਰੋਧ, ਵਿਸ਼ਲੇਸ਼ਣ, ਬਿਆਨਾਂ ਅਤੇ ਅਸਤੀਫ਼ਿਆਂ ਤੱਕ ਦੀ ਵੀ ਕੋਈ ਪ੍ਰਵਾਹ ਤੱਕ ਨਹੀਂ ਸੀ ਕੀਤੀ ਗਈ, ਇਸ ਦੇ ਸਿੱਟੇ ਵਜੋਂ ਅਸੀਂ ਤਾਲਮੇਲ ਕਮੇਟੀ ਤੋਂ ਇਹ ਵੀ ਮੰਗ ਕਰਦੇ ਹਾਂ ਕਿ ਕਮੇਟੀ ਨੂੰ ਆਪਣੇ ਫੈਸਲੇ ਤਾਨਾਸ਼ਾਹੀ ਢੰਗ ਦੀ ਥਾਂ ਜਮਹੂਰੀ ਢੰਗ ਨਾਲ ਲੈਣੇ ਚਾਹੀਦੇ ਹਨ।

ਅੰਤ ਵਿੱਚ ਅਸੀਂ ਉਮੀਦ ਕਰਦੇ ਹਾਂ ਕਿ ਵਿਸ਼ਵ ਸੰਮੇਲਨਾਂ ਦੀ ਲੜੀ ਸਰਕਾਰੀ, ਵਪਾਰੀ ਤੇ ਹਾਕਮੀ ਦਬਾਵਾਂ ਤੋਂ ਮੁਕਤ ਹੋਕੇ ਇਸ ਢੰਗ ਨਾਲ ਜਾਰੀ ਰਹੇਗੀ ਕਿ ਵੱਧ ਤੋਂ ਵੱਧ ਬੁੱਧੀਜੀਵੀ / ਲੇਖਕ / ਦਰਸ਼ਕ ਇਨ੍ਹਾਂ ਵਿੱਚ ਭਾਗ ਲੈ ਸਕਣ ਅਤੇ ਵਿਸ਼ਵ ਭਰ ਵਿੱਚ ਖਿੱਲਰੇ ਹੋਏ ਪੰਜਾਬੀਆਂ ਨਾਲ ਸੰਬੰਧਤ ਸਾਹਿੱਤਕ ਅਤੇ ਸੱਭਿਆਚਾਰਕ ਸਮੱਸਿਆਵਾਂ ਦੇ ਕਾਰਣ, ਪਿਛੋਕੜ ਅਤੇ ਹੱਲ ਗੰਭੀਰਤਾ ਨਾਲ ਵਿਚਾਰੇ ਜਾ ਸਕਣ। ●

## ੨. ਅੰਗਰੇਜ਼ੀ ਵਿੱਚ ਪੰਜਾਬੀ ਸਾਹਿੱਤ

ਟੋਰਾਂਟੋ ਤੋਂ ਛਪਣ ਵਾਲੇ ਅੰਗਰੇਜ਼ੀ ਦੇ ਤ੍ਰੈਮਾਸਕ ਪੱਤਰ The Toronto South Asian Review ਦਾ ਮਾਰਚ-ਅਪ੍ਰੈਲ 83 ਅੰਕ ਵਿਸ਼ੇਸ਼ ਪੰਜਾਬੀ ਅੰਕ ਹੋਵੇਗਾ। ਰਚਨਾਵਾਂ (ਮੌਲਿਕ ਪੰਜਾਬੀ ਜਾਂ ਅੰਗ੍ਰੇਜ਼ੀ ਅਨੁਵਾਦ ਰੂਪ ਵਿੱਚ) ਪਰਚੇ ਦੀ (ਵੈਨਕੂਵਰ ਵਿੱਚ) ਐਸੋਸੀਏਟ ਐਡੀਟਰ ਸੁਰਜੀਤ ਕਲਸੀ ਦੇ c/o ਇਸ ਪਤੇ 'ਤੇ ਭੇਜੀਆਂ ਜਾ ਸਕਦੀਆਂ ਹਨ: THE TORONTO SOUTH ASIAN REVIEW, P.O. BOX 6996, ST. "A", TORONTO, ONTARIO, M5W 1X7, CANADA.

ਇਸ ਪਰਚੇ ਵਿੱਚ ਕੈਨੇਡਾ ਭਰ ਦੇ ਜਾਣੇ ਪਛਾਣੇ, ਵੱਖ ਵੱਖ ਭਾਰਤੀ ਜ਼ੁਬਾਨਾਂ ਦੇ ਲੇਖਕਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਛਾਪਿਆ ਜਾਂਦਾ ਹੈ ਅਤੇ ਇਉਂ ਅੰਗਰੇਜ਼ੀ ਪੜ੍ਹ ਸਕਣ ਵਾਲੇ ਪਾਠਕਾਂ ਲਈ ਸਾਡੇ ਸਾਹਿੱਤ ਅਤੇ ਸੱਭਿਆਚਾਰ ਦੀ ਝਲਕ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਪੱਤਰ ਦੇ ਪਿਛਲੇ ਅੰਕ ਵੀ ਮਿਲ ਸਕਦੇ ਹਨ। 'ਪੌਣਾਂ ਨਾਲ ਗੁਫ਼ਤਗੂ' ਕਾਵਿ-ਸੰਗ੍ਰਹਿ ਦੀ ਲੇਖਕਾ ਅਤੇ ਇਸ ਪਰਚੇ ਦੀ ਐਸੋਸੀਏਟ ਸੰਪਾਦਕ ਸੁਰਜੀਤ ਕਲਸੀ ਦਾ ਪੰਜਾਬੀ ਸਾਹਿਤ ਨੂੰ ਅੰਗ੍ਰੇਜ਼ੀ ਵਿੱਚ ਅਨੁਵਾਦ ਕਰਨ ਦੇ ਔਖੇ ਅਤੇ ਅਸਾਧਾਰਣ ਯੋਗਤਾ ਦੀ ਮੰਗ ਕਰਨ ਵਾਲੇ ਸਾਹਿੱਤਕ ਕਾਰਜ ਨੂੰ ਬੜਾ ਸ਼ਕਤੀਸ਼ਾਲੀ ਯੋਗਦਾਨ ਹੈ।

ਕਵੀ ਸੁਖਿੰਦਰ ਨੇ ਐਲਾਨ ਕੀਤਾ ਹੈ ਕਿ ਉਹ South Asian Modern Art & Literature ਦਾ ਇੱਕ ਅੰਗਰੇਜ਼ੀ ਤ੍ਰੈਮਾਸਕ ਪੱਤਰ RUPTURE ਸ਼ੁਰੂ ਕਰ ਰਹੇ ਹਨ ਜਿਸਦੇ ਬੋਰਡ ਵਿੱਚ ਹੇਠ ਲਿਖੇ ਸਾਹਿੱਤਕਾਰ ਸ਼ਾਮਲ ਹੋਣਗੇ:

ਸੰਪਾਦਕ: ਸੁਖਿੰਦਰ, ਐਸੋਸੀਏਟ ਸੰਪਾਦਕ: ਇਕਬਾਲ ਰਾਮੂਵਾਲੀਆ
ਵਿਦੇਸ਼ ਸੰਪਾਦਕ: ਡਾ: ਸੁਤਿੰਦਰ ਸਿੰਘ ਨੂਰ (ਦਿੱਲੀ), ਡਾ: ਗੁਰਭਗਤ ਸਿੰਘ (ਪਟਿਆਲਾ), ਫ਼ਖ਼ਰ ਜ਼ਮਾਨ (ਲਾਹੌਰ)

ਮਈ 83 ਵਿੱਚ ਪ੍ਰਕਾਸ਼ਤ ਹੋਣ ਵਾਲਾ RUPTURE ਦਾ ਪਹਿਲਾ ਅੰਕ 'ਕੈਨੇਡੀਅਨ ਪੰਜਾਬੀ ਕਵਿਤਾ ਅੰਕ' ਹੋਵੇਗਾ ਅਤੇ ਦੂਜਾ ਅੰਕ 'ਪਾਕਿਸਤਾਨੀ ਪੰਜਾਬੀ ਕਵਿਤਾ ਅੰਕ' ਹੋਵੇਗਾ। ਸੰਪਰਕ ਲਈ ਪਤਾ ਇਹ ਹੈ: RUPTURE, P.O. BOX 732, POSTAL STATION "A", TORONTO, ONTARIO, M5W 1G2, CANADA.

ਅਸੀਂ ਅੰਗਰੇਜ਼ੀ ਪੜ੍ਹ ਸਕਣ ਵਾਲੇ ਪਾਠਕਾਂ ਨੂੰ ਇਨ੍ਹਾਂ ਦੋਹਾਂ ਪਰਚਿਆਂ ਨੂੰ ਗੰਭੀਰਤਾ ਨਾਲ ਘੋਖਣ ਦੀ ਸਲਾਹ ਦਿੰਦੇ ਹਾਂ ਅਤੇ ਉਮੀਦ ਕਰਦੇ ਹਾਂ ਇਨ੍ਹਾਂ ਪਰਚਿਆਂ ਦੇ ਸੰਪਾਦਕ / ਲੇਖਕ / ਅਨੁਵਾਦਕ ਪ੍ਰਤੀਨਿਧ ਪੰਜਾਬੀ ਸਾਹਿੱਤ ਦੀਆਂ ਝਲਕਾਂ ਪੇਸ਼ ਕਰਕੇ ਆਪਣੀ ਵਡੇਰੀ ਸਾਹਿੱਤਕ ਜ਼ਿੰਮੇਵਾਰੀ ਨਾਲ ਪੂਰਾ ਪੂਰਾ ਇਨਸਾਫ਼ ਕਰਦੇ ਰਹਿਣਗੇ। ●

## ੩. ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ

1976 ਵਿੱਚ ਜਦੋਂ ਕੇਸਰ ਸਿੰਘ ਨਾਵਲਿਸਟ ਅਲਬਰਟਾ ਵਿੱਚ ਸਨ, ਉਨ੍ਹਾਂ ਦੀ ਪ੍ਰੇਰਣਾ ਅਤੇ ਉਤਸ਼ਾਹ ਸਦਕਾ ਐਡਮਿੰਟਨ ਦੇ ਸਾਹਿੱਤ-ਪ੍ਰੇਮੀਆਂ ਨੇ ਇੱਕ ਸਾਹਿੱਤਕ ਸੰਸਥਾ ਦੀ ਲੋੜ ਮਹਿਸੂਸ ਕੀਤੀ। 1978 ਵਿੱਚ ਜਦੋਂ ਕੇਸਰ ਸਿੰਘ ਆਪਣੇ ਨਾਵਲ 'ਸ਼ਹੀਦ ਮੇਵਾ ਸਿੰਘ' ਦੀ ਰਚਨਾ ਲਈ ਇਤਿਹਾਸਕ ਤੱਥਾਂ ਦੀ ਖੋਜ ਵਿੱਚ ਰੁੱਝੇ ਹੋਏ ਸਨ ਤਾਂ ਲਾਟ ਭਿੰਡਰ ਨੇ ਸ਼ਹੀਦ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਉਨ੍ਹਾਂ ਦਾ ਕਾਫ਼ੀ ਹੱਥ ਵਟਾਇਆ - ਇਸ ਕਾਰਜ ਦੌਰਾਨ ਸਾਹਿੱਤਕ ਸੰਸਥਾ ਦੀ ਲੋੜ ਹੋਰ ਵੀ ਤੀਬਰਤਾ ਨਾਲ ਮਹਿਸੂਸ ਕੀਤੀ ਗਈ ਅਤੇ ਸਿੱਟੇ ਵਜੋਂ ਹੌਲੀ ਹੌਲੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਹੋਂਦ ਵਿੱਚ ਆਈ। ਐਸੋਸੀਏਸ਼ਨ ਦੀਆਂ ਕੁਝ ਮਹੱਤਵਪੂਰਨ ਸਰਗਰਮੀਆਂ ਦਾ ਵੇਰਵਾ ਇਹ ਹੈ:

- 500 ਤੋਂ ਵਧੀਕ ਪੰਜਾਬੀ ਪੁਸਤਕਾਂ ਦੀ ਇੱਕ ਲਾਇਬ੍ਰੇਰੀ ਕਾਇਮ ਕੀਤੀ ਜਾ ਚੁੱਕੀ ਹੈ - ਜਿਸਦੇ ਮੈਂਬਰ ਪਾਠਕਾਂ ਦੀ ਗਿਣਤੀ ਇਸ ਵੇਲੇ 70 ਤੋਂ ਵਧੀਕ ਹੈ
- 1979 ਵਿੱਚ ਐਸੋਸੀਏਸ਼ਨ ਨੇ ਪੰਜਾਬ ਦੇ ਜਰਨੈਲ ਕਵੀ ਤੇ ਗਾਇਕ ਦਾ ਪ੍ਰੋਗਰਾਮ ਬੜੀ ਕਾਮਯਾਬੀ ਨਾਲ ਪੇਸ਼ ਕੀਤਾ
- ਪਿਛਲੇ ਵਰ੍ਹੇ ਕੈਨੇਡਾ ਦੇ ਲੇਖਕਾਂ ਨਾਲ ਵਿਸ਼ਵ ਸੰਮੇਲਨ ਦੇ ਨਾਂ 'ਤੇ ਹੋਈ ਮਖੌਲਬਾਜ਼ੀ ਦਾ ਲਿਖਤੀ ਤੌਰ ਤੇ ਡਟਕੇ ਵਿਰੋਧ ਕੀਤਾ
- 25 ਜੂਨ 83 ਨੂੰ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ (ਅੰਮ੍ਰਿਤਸਰ ਨਾਟਕ ਕਲਾ ਕੇਂਦਰ) ਦਾ ਪ੍ਰੋਗਰਾਮ ਐਡਮਿੰਟਨ ਵਿੱਚ ਪੇਸ਼ ਕਰਵਾਇਆ ਜਾ ਰਿਹਾ ਹੈ।

ਅਜੇ ਤੱਕ ਇਸ ਸੰਸਥਾ ਦਾ ਕਾਰਜ ਕਿਸੇ ਵਿਸ਼ੇਸ਼ ਜਥੇਬੰਦਕ / ਸੰਵਿਧਾਨਕ ਢਾਂਚੇ ਦੀ ਥਾਂ ਭਗਤੀ ਭਾਵਨਾ ਵਾਲੀਆਂ ਮਿੱਤਰਾਂ ਦੀਆਂ ਮਹਿਫ਼ਲਾਂ ਵਾਂਗ ਹੀ ਚੱਲ ਰਿਹਾ ਹੈ। ਸੰਸਥਾ ਦੀ ਕੋਆਰਡੀਨੇਸ਼ਨ ਕਮੇਟੀ ਦਾ ਵਿਚਾਰ ਹੈ ਕਿ ਅਹੁਦੇਦਾਰੀ ਦੇ ਚੱਕਰਾਂ ਤੋਂ ਬਚਕੇ ਹੀ ਸ਼ੌਕ ਅਤੇ ਲਗਨ ਨਾਲ ਸਰਗਰਮੀਆਂ ਜਾਰੀ ਰੱਖੀਆਂ ਜਾਣ। ਭਵਿੱਖ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਹੈ ਕਿ ਐਸੋਸੀਏਸ਼ਨ ਅਲਬਰਟਾ ਦੇ ਸਾਹਿੱਤਕਾਰਾਂ ਵਿੱਚ ਸਾਹਿੱਤ ਰਚਨਾ ਅਤੇ ਆਲੋਚਨਾ ਦੀ ਰੁਚੀ ਨੂੰ ਪ੍ਰਫੁੱਲਤ ਕਰਨ ਲਈ ਪੁਸਤਕ-ਪ੍ਰਕਾਸ਼ਨਾ ਅਤੇ ਅਜਿਹੇ ਹੋਰ ਉਚੇਚੇ ਯਤਨ ਕਰੇਗੀ। ●

## ੪. ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈੱਗ

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਦੀ ਸਥਾਪਨਾ ਅਤੇ ਸਰਗਰਮੀਆਂ ਨੂੰ ਅਸੀਂ ਜੀ-ਆਇਆਂ ਕਹਿੰਦੇ ਹਾਂ। ਇਸ ਐਸੋਸੀਏਸ਼ਨ ਨੇ ਮੱਧ ਕੈਨੇਡਾ ਵਿੱਚ ਵਰਤੀ ਚੁੱਪ ਤੋੜਨ ਦਾ ਹੀਆਂ ਕੀਤਾ ਹੈ। ਦਸੰਬਰ 82 ਵਿੱਚ ਐਸੋਸੀਏਸ਼ਨ ਨੇ ਪਹਿਲਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਸਥਾਨਕ ਸਾਹਿੱਤਕਾਰਾਂ ਵੱਲੋਂ ਕਵਿਤਾਵਾਂ, ਗੀਤ, ਗ਼ਜ਼ਲਾਂ ਅਤੇ ਲੋਕ-ਬੋਲੀਆਂ ਪੇਸ਼ ਕੀਤੀਆਂ ਗਈਆਂ। ਸੱਭਿਆਚਾਰ ਪ੍ਰੋਗਰਾਮ ਦੇ ਅੰਤ ਵਿੱਚ ਕੈਨੇਡਾ ਸਰਕਾਰ ਦੇ ਕੈਨੇਡੀਅਨ ਨੈਸ਼ਨਲ ਫਿਲਮ ਬੋਰਡ ਵੱਲੋਂ ਖੇਤ-ਮਜ਼ਦੂਰਾਂ ਅਤੇ ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ 'ਤੇ ਬਣੀ ਫਿਲਮ 'ਉੱਠਣ ਦਾ ਵੇਲਾ' ਦੀ ਵਿਖਾਈ ਗਈ ਜੋ ਕਿ ਬਹੁਤ ਸਲਾਹੀ ਗਈ। (ਯਾਦ ਰਹੇ ਕਿ ਫਿਲਮ 'ਉੱਠਣ ਦਾ ਵੇਲਾ' ਨੂੰ ਜਿੱਥੇ ਜਰਮਨੀ ਅਤੇ ਇੰਗਲੈਂਡ ਦੇ ਫਿਲਮ ਮੇਲਿਆਂ ਵਿੱਚ ਵਧੀਆ ਫਿਲਮ ਵਜੋਂ ਕਈ ਐਵਾਰਡ ਮਿਲ ਚੁੱਕੇ ਹਨ, ਉੱਥੇ ਭਾਰਤ ਦਾ ਫਿਲਮ ਸੈਂਸਰ ਬੋਰਡ ਹਾਲੇ ਤੱਕ ਇਸ ਦੁਚਿੱਤੀ ਵਿੱਚ ਹੀ ਫਸਿਆ ਹੋਇਆ ਹੈ ਕਿ ਭਾਰਤ ਵਿੱਚ 'ਉੱਠਣ ਦਾ ਵੇਲਾ' ਵਿਖਾਉਣ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਾਂ!)

ਐਸੋਸੀਏਸ਼ਨ ਵੱਲੋਂ 20 ਮਾਰਚ 83 ਨੂੰ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਫਿਲਮ 'ਉੱਠਣ ਦਾ ਵੇਲਾ' ਵੀ ਦੁਬਾਰਾ ਵਿਖਾਈ ਜਾਵੇਗੀ।

ਅਲਬਰਟਾ ਅਤੇ ਮੈਨੀਟੋਬਾ ਵਿੱਚ ਸਾਹਿੱਤਕ- ਸੱਭਿਆਚਾਰਕ ਸੰਸਥਾਵਾਂ ਦੇ ਹੋਂਦ ਵਿੱਚ ਆਉਣ ਨਾਲ ਜਿੱਥੇ ਸਥਾਨਕ ਸਾਹਿੱਤਕਾਰਾਂ/ ਪਾਠਕਾਂ/ ਦਰਸ਼ਕਾਂ ਵਿੱਚ ਉਸਾਰੂ ਕਲਾਤਮਕ ਰੁਚੀਆਂ ਵਿਕਾਸ ਕਰਨ ਲੱਗੀਆਂ ਹਨ ਉੱਥੇ ਇਸ ਗੱਲ ਦੀ ਸੰਭਾਵਨਾ ਵੀ ਅਮਲੀ ਤੌਰ 'ਤੇ ਵਧੀ ਹੈ ਕਿ ਇੱਕ ਦੂਜੇ ਦੇ ਗਵਾਂਢੀ provinces ਦੇ ਸਾਹਿੱਤਕਾਰਾਂ ਵਿਚਕਾਰ ਆਪਸੀ ਤਾਲਮੇਲ ਪ੍ਰਫੁੱਲਤ ਹੋਵੇਗਾ ਅਤੇ ਇਉਂ ਕੈਨੇਡਾ ਭਰ ਦੇ ਪੰਜਾਬੀ ਸਾਹਿੱਤਕਾਰਾਂ ਦੀ ਸਾਂਝੀ ਜਥੇਬੰਦੀ ਦੇ ਹੋਂਦ ਵਿੱਚ ਆਉਣ ਦਾ ਸੁਫ਼ਨਾ ਹਕੀਕਤ ਵੱਲ ਕਦਮ ਪੁੱਟਣ ਦੇ ਵਧੇਰੇ ਸਮਰੱਥ ਹੋ ਸਕੇਗਾ। ● (GRANDE PRAIRIE, ALBERTA)

---

(ਕਹਾਣੀ 'ਅਧਰੰਗ' ਦੀ ਬਾਕੀ)

"ਭਲਾ ਚਾਚੀ ਜੀ, ਤੁਸੀਂ ਕਿਉਂ ਏਨੇ ਦੁੱਖੀ ਹੁੰਦੇ ਓ? ਮੰਮੀ ਤਾਂ ਬਿਲਕੁਲ ਰਾਜ਼ੀ ਆ। ਆਪਣੀ ਨਵੀਂ ਮੰਮੀ ਵੀ ਵੇਖ ਕਿਵੇਂ ਖ਼ੁਸ਼ ਐ।"

"ਹੇ ਪੁੱਤਾ! ਸਾਡੀ ਤਾਂ ਕਿਸਮਤ ਈ ਸੜ ਗਈ। ਜੇ ਮੰਮੀ ਪੂਰੀ ਨੀ ਸੀ ਤਾਂ ਰੱਬ ਹੁਣ ਅੱਗੋਂ ਹੀ ਭਲੀ ਕਰਦਾ - ਕੋਈ ਜੀਅ ਦੇ ਦਿੰਦਾ।"

ਸਾਡੇ ਮੂੰਹਾਂ ਦਾ ਸੁਆਦ ਬਕਬਕਾ ਹੁੰਦਾ ਜਾ ਰਿਹਾ ਸੀ। ਚਾਚੀ ਕਾਫੀ ਦੇਰ ਇਹੋ ਜਿਹੀਆਂ ਸੜੀਆਂ ਬਲੀਆਂ ਗੱਲਾਂ ਕਰਦੀ ਰਹੀ।

ਅਚਾਨਕ ਗੁਰਦੀਪ - ਮੇਰੇ ਪਤੀ ਨੂੰ ਕੁਝ ਯਾਦ ਆ ਗਿਆ ਤੇ ਉਨ੍ਹਾਂ ਬੈਗ ਵਿਚੋਂ ਚੈੱਕ-ਬੁੱਕ ਕੱਢਦਿਆਂ ਆਖਿਆ "ਸੱਚ! ਮੰਮੀ ਤੇਰਾ ਸਾਰਾ ਟੈਕਸ ਮੁੜ ਆਇਐ। ਛੁੱਟੀਆਂ ਦੀ ਪੇ ਰਲਾਕੇ ਤਾਂ ਪੈਸੇ ਈ ਪੈਸੇ ਹੋ ਗਏ ਲੱਗਦੇ ਆ।"

ਉਨ੍ਹਾਂ ਮੈਨੂੰ ਟੈਕਸ ਵਾਲਾ ਚੈੱਕ ਅਤੇ ਚੈੱਕ-ਬੁੱਕ ਫੜਾ ਦਿੱਤੀ। ਮੈਂ ਵਿਆਜ ਵਗੈਰਾ ਅਤੇ ਪੈਸਿਆਂ ਦਾ ਮਨ 'ਚ ਹਿਸਾਬ ਕਰਦੀ ਹੋਈ ਅੱਖ ਨਾਲ ਚਾਚੀ ਵੱਲ ਵੇਖਦੀ ਰਹੀ। ਉਸਦੀਆਂ ਨਜ਼ਰਾਂ ਚੈੱਕ-ਬੁੱਕ ਦੇ ਸਫ਼ਿਆਂ ਤੋਂ ਤਿਲਕ ਕੇ ਮੇਰੇ 'ਤੇ ਗੱਡੀਆਂ ਗਈਆਂ। ਉਸਦਾ ਸੋਗੀ ਚਿਹਰਾ- ਰੰਗ ਬਦਲਣ ਲੱਗਾ। ਇਕ ਤੇਜ਼ ਨਿਗਾਹ ਉਸ ਨੇ ਗੁਰਦੀਪ ਦੀ ਗੋਦ 'ਚ ਪਈ ਬੱਚੀ ਵੱਲ ਸੁੱਟੀ ਤੇ ਬੇਹਿੱਸ ਹੋ ਕੇ ਕੁਰਸੀ 'ਚ ਇਵੇਂ ਬੈਠ ਗਈ, ਜਿਵੇਂ ਉਸ ਦੀ ਜੀਭ 'ਤੇ ਅਧਰੰਗ ਦਾ ਹਮਲਾ ਹੋ ਗਿਆ ਹੋਵੇ। ● (ENGLAND)

---

( 'ਮੁਲਾਕਾਤ' ਦੀ ਬਾਕੀ)

? ਜਿਵੇਂ ਆਲਮ ਲੁਹਾਰ ਨੇ ਭਾਵੁਕ ਹੋ ਕੇ ਗਾਇਆ ਹੈ ਤੇ ਹੋਰ ਕਈ ਪਾਕਿਸਤਾਨੀ ਗਾਇਕਾਂ ਨਾਲ ਤੁਹਾਡੇ ਪ੍ਰਭਾਵ ਬੜੇ ਰਲਦੇ ਨੇ। ਕੀ ਤੁਸੀਂ ਉਹਨਾਂ ਗਾਇਕਾਂ ਦਾ ਅਸਰ ਆਪਣੇ ਗੀਤਾਂ ਉਪਰ ਕਬੂਲਦੇ ਹੋ?

\- ਹਰ ਕਲਾਕਾਰ ਦਾ ਕਿਸੇ ਨਾ ਕਿਸੇ ਦਾ ਅਸਰ ਹੋਣਾ ਤੇ ਉਸ ਉਤੇ ਮੁਤੱਸਰ ਹੋਣਾ ਜ਼ਰੂਰੀ ਹੈ। ਮੇਰੇ ਜਜ਼ਬਾਤਾਂ ਨੂੰ ਉਹਨਾਂ ਦੀ ਲੇਖਣੀ ਅਤੇ ਗਾਇਕੀ ਨੇ ਜ਼ਿਆਦਾ ਟੁੰਬਿਆ ਹੈ ਕਿਉਂਕਿ ਉਹਨਾਂ ਨੇ ਆਪਣੇ ਗੀਤਾਂ 'ਚ ਕਦੇ ਸ਼ਲੀਲਤਾ ਤੋਂ ਗਿਰਿਆ ਸ਼ਬਦ ਨਹੀਂ ਵਰਤਿਆ। ਇਹ ਉਹਨਾਂ ਨੇ ਬਹੁਤ ਵਧੀਆ ਗੱਲ ਕੀਤੀ ਹੈ ਤੇ ਵਧੀਆ ਗੱਲ ਨੂੰ ਅਪਣਾਉਣਾ ਵਧੀਆ ਗੱਲ ਹੁੰਦੀ ਹੈ।

? ਆਪਣੀਆਂ ਆਉਣ ਵਾਲੀਆਂ ਫਿਲਮਾਂ ਬਾਰੇ ਕੁਝ ਦੱਸੋਗੇ?

\- ਮੇਰੀਆਂ ਦੋ ਫਿਲਮਾਂ ਜਲਦੀ ਹੀ ਆ ਰਹੀਆਂ ਹਨ: 'ਲੌਂਗ ਦਾ ਲਿਸ਼ਕਾਰਾ' ਵਿਚ ਮੇਰਾ ਹੀਰੋ ਦਾ ਰੋਲ ਹੈ ਅਤੇ ਮੇਰੇ ਆਪਣੇ ਗੀਤ ਵੀ ਉਹਦੇ ਵਿਚ ਹਨ। ਦੂਜੀ ਫਿਲਮ ਮੇਰੀ ਰਾਜ ਬੱਬਰ ਨਾਲ ਆ ਰਹੀ ਹੈ, ਜਿਸਦਾ ਨਾਂ 'ਮਾਮਲਾ ਗੜਬੜ ਹੈ'।

* ਗੁਰਦਾਸ ਜੀ, ਮੇਰੀ ਤੁਹਾਨੂੰ ਇਹੋ ਗੁਜ਼ਾਰਿਸ਼ ਹੈ: ਲੋਕਾਂ ਵਿਚ ਰਹਿ ਕੇ ਲੋਕਾਂ ਲਈ ਹੀ ਲਿਖਣ ਤੇ ਗਾਉਣ ਦੀ ਕੋਸ਼ਿਸ਼ ਕਰਨਾ। ● (EDMONTON, ALBERTA)

## BIG SALE IN DRIVING LESSON

METROPOLITAN TORONTO

DRIVING SCHOOL INSTRUCTOR

ਕਾਰ ਸਿੱਖਾਉਣ ਤੇ
ਡਰਵਿੰਗ ਟੈਸਟ ਪਾਸ
ਕਰਵਾਉਣ ਦੇ ਮਾਹਿਰ
ਕੁਲਵੰਤ ਸਿੰਘ ਨੂੰ
ਹਮੇਸ਼ਾ ਯਾਦ ਰੱਖੋ।



*Kulwant SINGH*

(416) 532-0438



## ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

ਤਜਰਬੇਕਾਰ ਸਲਾਹ ਮਸ਼ਵਰੇ ਲਈ

ਮਿਲੋ ਜਾਂ ਫੂਨ ਕਰੋ

ਰਣਜੀਤ ਸਿੰਘ ਬੈਂਸ

**REMEMBER**

**FOR ACCOUNTING, BOOKKEEPING**

**INCOME TAX.**

**CALL OR VISIT**

**RANJIT SINGH BAINS**

**BAINS TAX & ACCOUNTING SERVICES**

**10-6679 MAIN STREET., VAN., B.C.**

**321-2132**



## DEV AUTO REPAIRS & SERVICE

SPECIALIZING IN

* *Domestic & Import Cars*
* *Free Estimates*
* *Fast & Reliable Service*
* *Fast & Quality Repairs*

5484 Tomken Road, Unit #30
Near Dixie & Matheson Blvd.
Mississauga, Ont., L4W 1P2

CALL (416) 629-1022



## FOR INCOME TAX NEEDS

CALL BALL

(INCOME TAX SPECIALISTS)

**(416) 242-5535**



# kEsri

SWEETS & RESTAURANT LTD.

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
TEL. 466-0173




ਪੰਜਾਬੀ, ਹਿੰਦੀ, ਧਾਰਮਕ ਤੇ
ਗੈਰ ਧਾਰਮਕ ਹਰ ਤਰਾਂ ਦੀਆਂ
ਓਰਿਜਨਲ ਵੀਡੀਓ ਫਿਲਮਾਂ
ਖਰੀਦੋ ਚਾਹੇ ਕਿਰਾਏ ਤੇ ਲਵੋ

**UNITED**
VIDEO

## WE RENT & SELL

HINDI & PUNJABI MOVIES



ਹਰ ਕਿਸਮ ਦੇ ਵੀਡੀਓ, ਦੀ ਮੁਰੰਮਤ ਕਰ ਕੇ ਦਿੱਤੀ ਜਾਂਦੀ ਹੈ।

## ਹਰ ਕੰਪਨੀ ਦਾ ਵੀਡੀਓ ਸਾਥੋਂ ਸਸਤੇ ਭਾਅ ਮਿਲਦਾ ਹੈ

**101 DUNDAS ST E UNIT 2**
**MISSISSAUGA, ONT., L5A 1W7**
**TEL: (416) 276-7775**

# UNITED



# PANDIT JAITLY ASTROLOGER

For Your:
- HOROSCOPIC ANALYSIS
- JANAM PATRIKA
- PAST, PRESENT & FUTURE PROBLEMS or DECISIONS
- MARRIAGE MAHURAT
- MONEY INVESTMENT DECISIONS
- etc....

**FOR INFORMATION AND APPOINTMENTS PLEASE CALL 416-243-9042 or 245-5422**

ਜ਼ੋਤਸੀ ਪੰਡਿਤ ਜੇਤਲੀ ਜੀ



GET YOUR **INCOME TAX** PREPARED
PROFESSIONALLY
BY

**CAN-AM TAX SERVICE LTD.**

1275 JANE ST. (JANE AT WESTON), TORONTO

ACCOUNTING • BOOKKEEPING • CORPORATION TAX

## PHONE:
## (416) 243-2912
## (416) 247-8527



# ਚੇਰਾਬੰਦ ਰਾਜੂ

ਤਿੰਨ ਜੁਲਾਈ 1982 ਨੂੰ ਆਂਧਰਾ ਪ੍ਰਦੇਸ਼ ਦਾ ਇਨਕਲਾਬੀ ਕਵੀ ਤੇ ਗੀਤਕਾਰ ਚੇਰਾਬੰਦ ਰਾਜੂ 37 ਵਰ੍ਹਿਆਂ ਦੀ ਉਮਰ ਵਿੱਚ ਹੀ ਆਪਣੇ ਲੋਕਾਂ ਕੋਲੋਂ ਵਿਦਾ ਹੋ ਗਿਆ।

ਰਾਜੂ ਦੀ ਤੇਲਗੂ ਕ੍ਰਾਂਤੀਕਾਰੀ ਸਾਹਿੱਤ ਨੂੰ ਵਡਮੁੱਲੀ ਦੇਣ ਦਾ ਅੰਦਾਜ਼ਾ ਉਸਦੀਆਂ ਦੋ ਕਵਿਤਾਵਾਂ ਤੋਂ ਲਾਇਆ ਜਾ ਸਕਦਾ ਹੈ।

ਰਾਜੂ ਨੇ ਆਪਣੀਆਂ ਕਵਿਤਾਵਾਂ ਅਤੇ ਵਿਚਾਰਾਂ ਕਾਰਨ ਜੇਲ੍ਹਾਂ ਵਿਚ ਅਤੇ ਪੁਲਸ ਸਟੇਸ਼ਨਾਂ ਵਿੱਚ ਬੇਅੰਤ ਤਸੀਹੇ ਝੱਲੇ – ਪਹਿਲਾਂ 1974 ਵਿਚ, ਫੇਰ 1975 ਵਿਚ ਅਤੇ ਅਖ਼ੀਰ ਸਾਰੀ ਐਮਰਜੈਂਸੀ ਦੇ ਦੌਰਾਨ ਜੇਲ੍ਹ ਵਿਚ ਰੱਖਿਆ ਗਿਆ। ਇੰਨਾਂ ਤਸੀਹਿਆਂ ਕਾਰਨ ਰਾਜੂ ਦਿਮਾਗੀ ਕੈਂਸਰ ਦਾ ਸ਼ਿਕਾਰ ਹੋ ਗਿਆ – ਅਜਿਹੀ ਹਾਲਤ ਵਿੱਚ ਵੀ ਉਨ੍ਹਾਂ ਆਂਧਰਾਂ ਸਰਕਾਰ ਦੀ ਸਾਹਿੱਤ ਅਕਾਡਮੀ ਵੱਲੋਂ ਪੇਸ਼ ਕੀਤੀ ਗਈ 'ਇੱਕ ਹਜ਼ਾਰ ਰੁਪਏ ਦੀ ਸਹਾਇਤਾ' ਮਨਜ਼ੂਰ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਅਸੀਂ ਚੇਰਾਬੰਦ ਰਾਜੂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹੋਏ ਉਸੇ ਦੀ ਕਵਿਤਾ 'ਲਾਲ ਸਲਾਮ' ਦੇ ਇੱਕ ਬੰਦ ਨਾਲ ਉਸਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ:

ਤੁਸੀਂ ਜ਼ਿੰਦਾ ਹੋ ਹਮਦਮ
ਸਾਡੇ ਸਭਨਾਂ ਦੇ ਅੰਗ ਸੰਗ ਹੋ
ਫਾਂਸੀ ਦੇ ਤਖ਼ਤਿਆਂ 'ਚ ਕੀ ਹੋਵੇਗਾ ਦਮ –
ਦਮ ਫੜੋ !

ਕਵੀ ਰਾਜੂ ਆਂਧਰਾ ਦੇ 'ਇਨਕਲਾਬੀ ਲੇਖਕ ਸੰਘ' ਦੇ ਸਰਗਰਮ ਕਾਰਕੁਨ ਸਨ।

– ਸੰਪਾਦਕ

## 1. ਸੰਘਰਸ਼

ਮੈਂ ਮੌਤ ਤੇ ਹੱਸਾਂਗਾ
ਦੁਸ਼ਮਣ ਸਾਹਮਣੇ ਡਟਾਂਗਾ
ਮੈਂ ਗਰੱਸਿਆ ਜ਼ਹਿਮਤ ਦਾ
ਤਾਂ ਕੀ ਹੋਇਆ ?

ਮੈਂ ਹਾਂ ਇੱਕ ਜੋਧਾ
ਕਲਮ ਤੇ ਆਵਾਜ਼ ਮੇਰੀ ਜ਼ਿੰਦਗੀ
ਅਤੇ ਲੋਕ ਮੇਰੀ ਬੰਦਗੀ।

ਮੇਰੇ ਲਈ ਸੰਘਰਸ਼ ਹੀ ਮੰਜ਼ਿਲ ਹੈ
ਤੇ ਗੀਤ ਆਕਸੀਜਨ
ਮੈਂ ਹੰਝੂਆਂ ਵਿੱਚ ਵਹਿ ਜਾਵਾਂਗਾ
ਪਰ ਢਿੱਲੀ ਨਹੀਂ ਪਵੇਗੀ
ਤਲਵਾਰ ਤੋਂ ਪਕੜ ਮੇਰੀ।

ਮੈਂ ਫਾਂਸੀ ਦੇ ਫੰਦੇ ਨੂੰ
ਗੀਤ ਸਿਖਾਵਾਂਗਾ
ਉਸਨੂੰ ਲੋਰੀਆਂ ਗਾਉਣ ਲਾਵਾਂਗਾ

ਡਿੱਗ ਪੈਣ ਭਾਵੇਂ ਹਜ਼ਾਰਾਂ
ਪਰ ਜਿੱਤੇਗਾ ਸੰਘਰਸ਼ ਹੀ
ਜਿਸਨੂੰ ਹੈ ਭਰੋਸਾ ਭਲਕਦਾ
ਬੰਦਾ ਹੈ ਉਹ... !

●

## 2. ਪੁਨਰ ਜਨਮ

ਮੇਰੇ ਵਿਚਾਰਾਂ ਦੀ ਗਰਮੀ ਨੂੰ
ਮੇਰੇ ਪਰਛਾਵੇਂ 'ਚੋਂ ਭਾਂਪ ਕੇ
ਅੰਤਲੇ ਸਿਰੇ ਤੱਕ ਉਸਨੂੰ ਨਸ਼ਟ ਕਰਨ
ਮੇਰੀ ਪਿੱਠ ਪਿੱਛੇ ਹੀ
ਚਲਦੀ ਹੈ ਪੁਲਸ

ਭੋਲੇ ਭਾਅ ਹੀ ਅਚਾਨਕ
ਜਦ ਵੇਖਦਾ ਹਾਂ ਅਸਮਾਨ ਵੱਲ
ਤਾਂ ਨਾਪੇ ਜਾਂਦੇ ਨੇ
ਮੇਰੀਆਂ ਨਜ਼ਰਾਂ ਦੇ ਉਤਾਰ-ਚੜ੍ਹਾਅ
ਮੇਰੇ ਪੈਰਾਂ ਦੀਆਂ ਮੁਦਰਾਵਾਂ ਵਿੱਚੋਂ
ਫੜਨ ਲਈ ਬਾਗੀ ਗੀਤਾਂ ਦੇ ਸੁਰ
ਮਿੱਟੀ ਕੱਠੀ ਕਰ
ਭੇਜਦੇ ਹਨ ਖੋਜ ਲਈ।
ਸਨੂੰ ਅੰਨ ਦੇਣ ਵਾਲੇ ਦਿਲਾਂ ਨੂੰ
ਸੰਸਾਰ ਭਰ ਦੇ ਮਨੁੱਖਤਾ ਦੇ ਦੀਪਾਂ ਨੂੰ
ਉਹ ਬੇਰਹਿਮੀ ਨਾਲ
ਬੁਝਾ ਦੇਣਾ ਚਾਹੁੰਦੇ ਹਨ।

ਮੈਂ ਜਿਸ ਸਙ੍ਰੇਗਾਵਣ ਨੂੰ ਨਫ਼ਰਤ ਕਰਦਾ ਹਾਂ
ਉਸ ਨੂੰ ਦੂਰ ਨਾ ਕਰ
ਮੇਰੀਆਂ ਅੱਖਾਂ ਨੂੰ ਹੀ
ਨੋਚ ਦਿੰਦੇ ਹਨ।

ਮੈਂ ਜਦ ਨਿੱਕੇ ਬੱਚਿਆਂ ਨੂੰ ਚੁੰਮਦਾ ਹਾਂ
ਉਹਨਾਂ ਦੀਆਂ ਗੱਲ੍ਹਾਂ ਦੀ ਕੋਮਲਤਾ ਨੂੰ
ਸਾਫ਼ ਕਰਦੇ ਹਨ ਖੰਜਰਾਂ ਨਾਲ
ਮੇਰਾ ਬੋਲਣਾ ਜੁਰਮ ਹੈ
ਮੇਰਾ ਸੋਚਣਾ ਅਰਾਜਕਤਾ ਹੈ।

ਇਹ ਸਭ ਇਸ ਲਈ ਕਿ
ਮੈਂ ਉਹਨਾਂ ਦੇ ਗੀਤਾਂ ਦਾ
ਤਾਲ ਨਹੀਂ ਬਣਿਆ
ਉਹਨਾਂ ਦੀ ਡੋਲੀ ਦਾ
ਕਹਾਰ ਨਹੀਂ ਬਣਿਆ।

ਮੈਨੂੰ ਗੱਦਾਰ ਕਹਿਣਾ ਹੋਵੇ
ਮੈਨੂੰ ਸਾਜ਼ਸੀ ਦੱਸਣਾ ਹੋਵੇ
ਉਹਨਾਂ ਕੋਲ ਇੱਕੋ ਹੀ ਮਾਪ ਹੈ,
ਉਹੋ ਉਹਨਾਂ ਦਾ ਨਿਤਨੇਮ ਦਾ
ਪੂਜਨੀਕ ਗ੍ਰੰਥ- ਉਹਨਾਂ ਦਾ ਸੰਵਿਧਾਨ!

ਜਿੰਨੇ ਵੀ ਮਜ਼ਹਬ ਹੋਣ
ਉਹਨਾਂ ਦੀ ਤੱਤਰੂਪ ਮੂਰਖਤਾ ਇੱਕੋ ਹੈ
ਲੁੱਟ-ਖ਼ੋਹ ਦੇ ਜਿੰਨੇ ਵੀ ਸੰਵਿਧਾਨ ਹੋਣ
ਉਹਨਾਂ ਦਾ ਪਵਿੱਤਰ ਕਾਰਜ ਹੈ:
ਆਪਣੀ ਜਮਾਤ ਦੀ ਰੱਖਿਆ।

ਮਿਹਨਤੀ ਜ਼ਿੰਦਗੀ ਸੁੰਦਰਤਾ ਗੀਤ ਹੈ ਮੇਰਾ
ਮਜ਼ਹਬ ਅਤੇ ਲੁੱਟ ਖੋਹ ਦੇ ਰਾਹ ਲਈ
ਮੈਂ ਰਾਗ ਨਹੀਂ ਬਣ ਸਕਦਾ
ਕਤਰਾ ਕਤਰਾ ਆਪਣੇ ਲਹੂ ਦਾ
ਏਸ ਧਰਤ ਦੀ ਮੁਕਤੀ ਲਈ
ਬੀਜ ਵਾਂਗ ਬੀਜਦਾ ਜਾਵਾਂਗਾ।

ਥੱਕਾ ਹਾਂ, ਪਰ ਬੰਧਕ ਨਹੀਂ ਹਾਂ,
ਭਾਵੇਂ ਮੈਨੂੰ ਝੰਜੋੜਨ ਵੱਢਣ
ਹਰ ਵਾਰ, ਵਾਰ ਵਾਰ
ਲਹਿਰਾਂ ਵਾਂਗ ਜਨਮ ਲੈਂਦਾ ਹੀ ਰਹਾਂਗਾ।

●●

## ਬਾਬਾ ਮਾਰਕਸ

ਸੰਤੋਖ ਸਿੰਘ ਸੰਤੋਖ

ਬਾਬੇ ਮਾਰਕਸ ਦੀ ਮੌਤ ਦੇ ਪਿੱਛੋਂ
ਇਹ ਹੈ ਇੱਕ ਸਦੀ ਦੀ ਖੁਸ਼ਬੋ
ਜਿਸਨੇ ਤਿੰਨ ਜੁੱਗ-ਪਲਟਾਊ
ਸੂਰਮੇ ਸਿਰਜੇ
ਲੈਨਿਨ, ਮਾਓ ਤੇ ਹੋ।
ਦੁਨੀਆਂ ਦੇ ਹਰ ਕਣ ਅੰਦਰ
ਪਹੁੰਚੀ ਹੈ ਗਿਆਨ ਦੀ ਲੋ
ਗਿਆਨ ਵੀ ਹੈ ਵਿਗਿਆਨ ਪ੍ਰਚੰਡ
ਦੱਬੇ ਕੁਚਲੇ, ਲਿਤਾੜੇ ਪਤਲੇ
ਹੱਕਾਂ ਲਈ ਜਾਣ ਖਲੋ।
ਅੱਜ ਦੁਨੀਆਂ ਦੇ ਅਨੇਕਾਂ ਮੁਲਕਾਂ
ਹਨੇਰਾ ਹੂੰਝ ਕੇ
ਕਾਮੇ ਦੀ ਹੈ ਕਿਸਮਤ ਸਿਰਜੀ
ਸਦਾ ਲਈ ਹੈ ਮਾਰ ਮੁਕਾਈ
ਬੰਦੇ ਹੱਥੋਂ ਬੰਦੇ ਦੀ ਖੋਹ!
ਗੁਲਾਮੀ ਦੀਆਂ ਜੰਜ਼ੀਰਾਂ ਬੇੜੀਆਂ
ਗੁਰਬਤ ਦੇ ਜੰਗਾਲ਼ੇ ਜੰਦਰੇ
ਢਲ ਕੇ ਢਾਲ ਬਣੀ ਦਾਤਰੀ ਵਾਲੀ
ਸੱਟ ਹੱਕ ਹਥੌੜੇ ਵਾਲੀ ਹੋ।
ਪੂੰਜੀਪਤੀ ਪੁਰਾਣੇ ਮੰਡੀਆਂ ਵਾਲੇ
ਅੱਜ ਥਰ ਥਰ ਕੰਬਦੇ
ਜਦ ਸੁਣਦੇ ਨੇ ਹੱਕਾਂ ਦੀ ਕਨਸੋ।
ਇੱਕ ਪਾਸੇ ਹੈ ਲੋਕ-ਪਸਾਰਾ
ਇੱਕ ਮਿਹਨਤ ਦੇ ਰੂਪ ਦਾ ਕਰੇ ਨਿਤਾਰਾ
ਮੰਡੀ ਇੱਕ ਵਣਜਾਰੇ ਦੋ।
ਧਰਮਾਂ ਦੇ ਧੁੰਦ ਗੁਬਾਰਾਂ ਵਾਲੀ
ਬਹਿਸ਼ਤਾਂ ਦੀਆਂ ਟਾਹਰਾਂ ਵਾਲੀ
ਬਣ ਗਈ ਹੈ ਬੀਤੇ ਦੀ ਬਦਬੋ।
ਨਿਥਾਵਿਆਂ ਨੂੰ ਮਾਣ ਮਿਲੇ
ਨਿਤਾਣਿਆਂ ਨੂੰ ਬਲ ਮਿਲੇ
ਜੁੜਦੇ ਨੇ ਮਾਣ ਮੱਤੇ ਜੋ।
ਨਿਧਿਰਿਆਂ ਦੀ ਧਿਰ
ਨਿਆਸਰਿਆਂ ਦਾ ਆਸਰਾ
ਨਿਪੱਤਿਆਂ ਦੀ ਪੱਤ ਵੀ ਸੋ।
ਗਿਆਨ ਤਾਈਂ ਜਾਣਿਆਂ ਜਿਹਨਾਂ
ਦੁਨੀਆਂ ਨੂੰ ਬਦਲਣ ਵਾਲੇ
ਪੈਦੇ ਕਿੱਤੇ ਪੋ
ਬਾਬੇ ਦੀ ਇੱਕ ਸਦੀ ਦੀ ਖੁਸ਼ਬੋ!
ਤਿੰਨ ਜੁੱਗ-ਪਲਟਾਊ ਸੂਰਮੇ!
ਲੈਨਿਨ, ਮਾਓ ਤੇ ਹੋ।

•(ENGLAND)

## ਦੋ ਗ਼ਜ਼ਲਾਂ

ਨਾਜ਼ਰ ਸਿੰਘ ਤਰਸ

•

ਆਪਣੇ ਮਹਿਲ ਦੀ ਟੀਸੀ 'ਤੇ ੧ ਓਂਕਾਰ ਲਿਖਿਆ ਏ।
ਜੇ ਸੀਨਾ ਫੋਲਕੇ ਵੇਖੋ ਤਾਂ ਵਿੱਚ ਮੱਕਾਰ ਲਿਖਿਆ ਏ।
ਉਮਰ ਦੇ ਵਾਚਕੇ ਵਰਕੇ, ਬੜੀ ਹੈਰਾਨਗੀ ਹੁੰਦੀ,
ਕਿਤੇ ਇਕਰਾਰ ਲਿਖਿਆ ਏ ਕਿਤੇ ਇਨਕਾਰ ਲਿਖਿਆ ਏ।
ਜਿਹੜੀ ਮਜ਼ਲੂਮ ਦੀ ਗਰਦਣ 'ਤੇ ਚੱਲੇ ਤੇਗ ਤੁਅੱਸਬ ਦੀ,
ਉਹਦੇ 'ਤੇ ਮੋਟਿਆਂ ਅੱਖਰਾਂ ਦੇ ਵਿੱਚ ਗ਼ਮਖਾਰ ਲਿਖਿਆ ਏ।
ਪਤਾ ਨਹੀਂ ਕਿੰਨੇ ਅੰਦਰ ਕਿੰਨਿਆਂ ਦੀ ਖੱਲ ਲਹਿੰਦੀ ਹੈ,
ਬਾਹਰ ਉਂਵ ਬੋਰਡ 'ਤੇ ਜੰਤਾ ਦੇ ਸੇਵਾਦਾਰ ਲਿਖਿਆ ਏ।
ਰੱਬ ਅੱਜ ਦਾ ਮਜ਼ਦੂਰ ਦੀ ਕੁੱਲੀ 'ਚ ਨਹੀਂ ਜਾਂਦਾ,
ਉਹ ਰਹਿੰਦਾ ਕੋਠੀਆਂ ਅੰਦਰ ਜਿੱਥੇ ਜ਼ਰਦਾਰ ਲਿਖਿਆ ਏ।
ਉਨ੍ਹਾਂ ਕੀ ਖ਼ਬਰ ਸੀ ਲੈਣੀ ਕੋਈ ਚਿੱਠੀ ਵੀ ਨਾ ਪਾਈ,
ਅਸਾਂ ਇੱਕ ਵਾਰ ਨਹੀਂ ਕਈ ਵਾਰ ਹੀ ਬੀਮਾਰ ਲਿਖਿਆ ਏ।
ਉਹ ਜੋ ਬਾਝ ਰਿਸ਼ਵਤ ਦੇ ਕਿਸੇ ਦਾ ਕੰਮ ਨਹੀਂ ਕਰਦੇ,
ਉਨ੍ਹਾਂ ਹੀ 'ਪਾਪ ਹੈ ਰਿਸ਼ਵਤ' ਬੂਹੇ 'ਤੇ ਬਾਹਰ ਲਿਖਿਆ ਏ।
ਜਿਨ੍ਹਾਂ ਨੇ ਪਿਆਰ ਕੀਤਾ ਹੈ ਉਨ੍ਹਾਂ ਨੇ ਸੁਖ ਨਹੀਂ ਪਾਇਆ,
ਉੱਤਮ ਉਂਵ ਵਿੱਚ ਦੁਨੀਆਂ ਦੇ ਸਭ ਤੋਂ ਪਿਆਰ ਲਿਖਿਆ ਏ।
ਅਸੀਂ ਪੱਤਣ 'ਤੇ ਬੈਠੇ ਹਾਂ ਅਜੇ ਤੱਕ ਉਹ ਨਹੀਂ ਆਏ,
ਮਿਲਣ ਲਈ ਉਨ੍ਹਾਂ ਨੇ ਸਾਨੂੰ ਪੱਤਣ ਤੇ ਪਾਰ ਲਿਖਿਆ ਏ।
ਜੇ ਪੁੱਛੀਏ ਗਲ 'ਚ ਸਾਡੇ ਕਿਉਂ ਪਈ ਲਾਹਣਤ ਗਰੀਬੀ ਦੀ
ਤਾਂ ਅੱਗੋਂ ਆਖਿਆ ਜਾਂਦਾ ਇਵੇਂ ਕਰਤਾਰ ਲਿਖਿਆ ਏ।

•

•

ਐਵੇਂ ਹੀ ਮੂੰਹ ਮੋੜ ਲਿਆ ਹੈ।
ਮੋਹ ਮੁੱਢਾਂ ਦਾ ਤੋੜ ਲਿਆ ਹੈ।
ਅਸੀਂ ਤਾਂ ਉਹਦੀ ਯਾਦ ਦਾ ਸੁਰਮਾ,
ਹੰਝੂਆਂ ਦੇ ਵਿੱਚ ਰੋੜ੍ਹ ਲਿਆ ਹੈ।
ਧਨੀਆਂ ਜੋਕਾਂ ਖ਼ੂਨ ਅਸਾਡਾ,
ਨਿੰਬੂਆਂ ਵਾਂਗ ਨਿਚੋੜ ਲਿਆ ਹੈ।
ਖ਼ੁਦਗਰਜ਼ਾਂ ਨੂੰ ਵੋਟਾਂ ਪਾ ਕੇ,
ਮੁੱਲ ਆਪ ਹੀ ਕੋਹੜ ਲਿਆ ਹੈ।
ਕੌਣ ਬਚਾਊ ਰਾਖੇ ਨੇ ਹੀ,
ਸਾਰਾ ਖੇਤ ਮਰੋੜ ਲਿਆ ਹੈ।
ਮੰਝਧਾਰ ਵਿੱਚ ਨਾਖ਼ੁਦਾਵਾਂ,
ਆਪੇ ਬੇੜਾ ਬੋੜ ਲਿਆ ਹੈ।
'ਤਰਸ' ਨੇ ਸਾਰੇ ਛੱਡਕੇ ਲਾਂਭੇ,
ਕਲਮ ਨਾ(ਲ) ਰਿਸ਼ਤਾ ਜੋੜ ਲਿਆ ਹੈ।

•• (INDIA)

## ਨਸਲਵਾਦੀ ਨੂੰ

ਸੁਰਿੰਦਰ ਧੰਜਲ

ਜਿਨ੍ਹਾਂ ਚਿਰ ਤੇਰੇ 'ਚੋਂ ਬੋਲਣ : ਲਿੰਕਨ, ਲੂਥਰ ਕਿੰਗ
ਮੈਂ ਸਿੱਧੀ ਪਗਡੰਡੀ ਵਰਗਾ, ਨਾ ਕੋਈ ਵਲ ਨਾ ਵਿੰਗ
ਜੋ ਕਬੀਰ ਦੇ ਘਰ ਤੋਂ ਆਉਂਦੀ ਵੰਡਦੀ ਇੱਕ ਸਰੂਰ:
ਕੁਦਰਤ ਦੇ ਸਭ ਬੰਦਿਆਂ ਅੰਦਰ ਦਿਸਦੇ ਇੱਕੋ ਨੂਰ
ਜਦ ਤੇਰੇ 'ਚੋਂ ਕੂਕਣ ਹਿਟਲਰ, ਪਾਵਲ ਅਤੇ ਕਲੈਨ
ਬੇਚੈਨੀ ਵਿੱਚ ਵਿਚਰੇਗਾ ਫਿਰ ਏਸ ਨੂਰ ਦਾ ਚੈਨ
ਤੂੰ ਹਾਪਕਿਨਸਨ, ਡਾਇਰ ਬਣੇਂ ਜੇ ਮੈਂ ਮੇਵਾ ਸਿੰਘ ਊਧਮ
ਵਿਰਸੇ ਦੇ ਇਸ ਰਾਹ ਤੋਂ ਜਾਣੂ ਤੇਰੇ ਮੇਰੇ ਕਦਮ।
ਸ਼ਾਂਤਮਈ ਦੀ ਅਰਸਰ ਤੈਨੂੰ ਕਰਦਾ ਰਹਾਂ ਪੁਕਾਰ
ਜੇ ਤੂੰ ਪੜ੍ਹ ਨਾ ਸਕਿਆ ਇਸ ਵਿੱਚ ਛੁਪਿਆ ਜੋ ਇਕਰਾਰ
ਏਹੀ ਪਿਆਰ-ਪੁਕਾਰ ਬਣੇਗੀ ਫਿਰ ਲਲਕਾਰ ਵੰਗਾਰ
ਖਲਨਾਇਕ ਦਿਓ ਹੱਥੋਂ ਹੋਣੀ ਪਿਆਰ ਕਹਾਣੀ ਖ਼ੁਆਰ
ਖਲਨਾਇਕ ਤੇ ਉਸਦਾ ਮਾਲਕ ਮਹਿਲਾਂ ਦੇ ਵਿੱਚ ਵਸਦੇ
ਆਪਣੀ ਉਮਰ ਵਧਾਵਣ ਖ਼ਾਤਰ ਤੈਨੂੰ ਮੈਨੂੰ ਡਸਦੇ
ਠਹਿਰ ਜ਼ਰਾ ਇਹ ਭੇਦ ਸਮਝੀਏ ਗੱਲ ਸੁਣ ਰਤਾ ਕੁ ਯਾਰ
ਚਲ ਦੋਵੇਂ ਸਾਂਝੇ ਕਰ ਲਈਏ ਪਿਆਰ ਅਤੇ ਤਲਵਾਰ
ਪਿਆਰ ਮੇਰੇ ਸਿਰ ਕਾਇਰਤਾ ਦਾ ਲਾਈਂ ਨਾ ਇਲਜ਼ਾਮ
ਬੇਕਦਰਿਆਂ ਕੱਲਿਆਂ ਵਿੱਚ ਆਪਣ ਇਉਂ ਲਿਖਵਾ ਨਾ ਨਾਮ
ਵਾਰ ਕਰੀਂ ਨਾ ਪਿੱਛਿਓਂ ਪਿੱਠ 'ਤੇ ਹਾਜ਼ਰ ਮੇਰਾ ਸੀਨਾ
ਅੱਗਿਓਂ ਆਉਂਦੀ ਗੋਲੀ ਭਾਵੇਂ ਕਰ ਜਾਏ ਚੀਨਾ ਚੀਨਾ
ਪਿਆਰ ਅਤੇ ਤਲਵਾਰ ਨੇ ਤੇਰੇ ਮੇਰੇ ਲਈ ਦੋ ਖੰਭ
ਰੰਗਾਂ ਨਸਲਾਂ ਤੋਂ ਹੋ ਉੱਚੇ ਉੱਡੀਏ. ਅਸੀਂ ਨਿਸੰਗ
ਚਲ ਦੋਵੇਂ ਰਲਕੇ ਸਰ ਕਰੀਏ ਵਿਤਕਰਿਆਂ ਦੀ ਦਲਦਲ
ਜਿਸ ਤੋਤੇ ਵਿੱਚ ਜਾਨ ਦਿਓ ਦੀ ਲੱਭੀਏ ਉਸਦੀ ਸ਼ਕਲ
ਕਿਤੇ ਨਮੋਲੀ ਵਾਂਗੂ ਕੌੜੀ ਕਿਤੇ ਰਸਭਰੀ ਮਿੱਠੀ
ਇੱਕ ਚਿੱਠੀ ਹੈ ਇਹ ਤੇਰੇ ਨਾਂ, ਨਹੀਂ ਆਖ਼ਰੀ ਚਿੱਠੀ।

• (GRANDE PRAIRIE, ALBERTA)

## ਰੌਸ਼ਨੀ ਵਰਗਾ ਕੁਝ

ਇਕਬਾਲ ਰਾਮੂਵਾਲੀਆ

ਸ਼ਹਿਰ ਦੇ ਵਿੱਚ ਰੌਸ਼ਨੀ ਵਰਗਾ ਵੀ ਕੁੱਝ ਹੈ ।
ਜ਼ਹਿਰ ਦੀ ਗਾਗਰ 'ਚ ਵੀ ਤੁਪਕਾ ਕੁ ਦੁੱਧ ਹੈ।

ਕਾਗ਼ਜ਼ੀ ਫੁੱਲਾਂ ਦੀ ਰੌਣਕ ਮੂੰਹ ਚਹਿਕ 'ਤੇ,
ਕੁਝ ਕੁ ਹੱਥੀਂ ਫੇਰ ਵੀ ਜ਼ਖ਼ਮਾਂ ਦਾ ਰੁੱਗ ਹੈ।

ਖ਼ਾਲੀ ਮੁਸਕਾਨਾਂ ਦੇ ਸਿੰਮਲ ਰੁੱਖ ਹੇਠਾਂ,
ਤਿਊੜੀਆਂ ਭਰਪੂਰ ਇੱਕ ਢਾਬਾ ਵੀ ਸੁੱਤ ਹੈ।

ਟਾਵਾਂ ਟਾਵਾਂ ਨੁੱਚੜਦਾ ਸੁਰਗਾਤ ਦਾ ਦਿਲ,
ਉਂਵ ਹਰ ਪੱਥਰ ਦਾ ਏਥੇ ਨਾਮ ਬੁੱਧ ਹੈ।

ਸ਼ਹਿਰ ਦੇ ਵਿੱਚ ਰੌਸ਼ਨੀ ਵਰਗਾ ਵੀ ਕੁਝ ਹੈ।
ਜ਼ਹਿਰ ਦੀ ਗਾਗਰ 'ਚ ਵੀ ਤੁਪਕਾ ਕੁ ਦੁੱਧ ਹੈ।

• (TORONTO, ONTARIO)

## ਮੈਨੂੰ ਮੁਆਫ਼ ਕਰੀਂ ਮੇਰੇ ਦੋਸਤ!

ਦਲਜਿੰਦਰ

ਮੇਰੇ ਦੋਸਤ ਮੈਨੂੰ ਮੁਆਫ਼ ਕਰੀਂ
ਮੈਂ ਤੇਰੇ ਲਈ ਗੁਸਤਾਖ਼ ਹੁੰਦਾ ਜਾ ਰਿਹਾਂ
ਗਿਲਾ ਹੈ ਤੇਰਾ-
ਮੈਂ ਤੇਰੇ ਸੰਗ ਚੁਗਲੀਆਂ ਵਿੱਚ ਸ਼ਰੀਕ ਨ ਹੋਇਆ
ਸ਼ਿਕਵਾ ਹੈ ਤੇਰਾ-
ਮੈਂ ਤੇਰੇ ਤੱਕ ਸੀਮਤ ਨਾ ਰਿਹਾ
ਮੇਰੀ ਸੋਚ ਤੇਰੀ ਤੰਗ ਦਿਲੀ ਦੇ ਮੇਚ ਨਾ ਆਈ
ਮੁਆਫ਼ ਕਰੀਂ ਮੇਰੇ ਦੋਸਤ
ਮੈਂ ਤੇਰੇ ਲਈ ਗੁਸਤਾਖ਼ ਹੁੰਦਾ ਜਾ ਰਿਹਾਂ

ਕ੍ਰਾਂਤੀ ਇੰਝ ਨਹੀਂ ਆਉਂਦੀ
ਕਮਰੇ 'ਚ ਬੈਠਕੇ -
ਉੱਚੀ ਉੱਚੀ ਬਹਿਸ ਕਰਨਾ
ਤੇ ਆਪਣੇ ਝੂਠੇ ਫਲਸਫ਼ੇ ਨੂੰ
ਚਿਥ ਚਿਥ ਬੋਲਣਾ
ਬਾਅਦ 'ਚ ਅਸ਼ਲੀਲ ਸ਼ਬਦਾਂ
ਉੱਤੇ ਉੱਤਰ ਆਉਣਾ
ਨਾ ਕ੍ਰਾਂਤੀ ਚਾਰ ਪੰਜ ਕਵਿਤਾਵਾਂ
ਲਿਖਕੇ ਆਉਂਦੀ ਹੈ
ਤੈਂ ਕ੍ਰਾਂਤੀ ਨੂੰ
ਆਪਣੀ ਤਿੰਨ ਖਣ ਦੀ ਨਿੱਕੀ ਜਿਹੀ
ਬੈਠਕ 'ਚ ਬੰਦ ਕਰ ਲਿਆ ਹੈ
ਹੁਣ ਤੇਰਾ ਉਨ੍ਹਾਂ ਲੋਕਾਂ ਨੂੰ
ਗ਼ਲਤ ਕਹਿਣਾ ਵੀ ਬਣਦਾ ਨਹੀਂ
ਜਿਨ੍ਹਾਂ ਦੀਆਂ ਲਾਸ਼ਾਂ ਪੁਲਾਂ ਉੱਤੇ
ਲਾਵਾਰਸ ਮਿਲੀਆਂ ਹਨ-

ਮੇਰੇ ਦੋਸਤ!
ਤੂੰ ਕ੍ਰਾਂਤੀਕਾਰੀ ਨਹੀਂ
ਸਿਰਫ਼ ਕ੍ਰਾਂਤੀ ਦਾ ਆਲੋਚਕ ਹੈਂ
ਤੇਰਾ ਫਲਸਫ਼ਾ:
ਦੀਵੇ ਨੇ ਤਾਂ ਦੀਵੇ ਜਿੰਨਾਂ ਚਾਨਣ ਕਰਨਾ ਹੈ
ਤੇ ਸੂਰਜ ਨੇ ਸੂਰਜ ਜਿੰਨਾਂ -
ਮੇਰੇ ਦੋਸਤ! ਇਹ ਜੁੱਗ ਬਹੁਤ ਔਖੇ ਲੰਘ ਆਇਆ ਹੈ
ਮੁਆਫ਼ ਕਰੀਂ ਮੇਰੇ ਦੋਸਤ!
ਮੈਂ ਤੇਰੇ ਲਈ ਗੁਸਤਾਖ਼ ਹੁੰਦਾ ਜਾ ਰਿਹਾਂ -

ਤੂੰ ਮਨਸੂਰ ਨਹੀਂ ਹੈਂ
ਜੋ ਆਪਣੀ ਉਸਤਤ ਆਪ ਕਰਕੇ
ਸੁਆਦ ਲੈ ਲਵੇਂਗਾ
ਕਿਸੇ ਵੀ ਪੁਰੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ
ਜਦੋਂ ਵੀ ਕਦੇ ਚਾਨਣ ਦੀ ਗੱਲ ਤੁਰੇਗੀ
ਤੇਰੇ ਮੂੰਹ ਉੱਤੇ ਫਿਰ ਕਾਲਖ਼ ਫਿਰ ਜਾਵੇਗੀ

(ਬਾਕੀ ਸਫ਼ਾ 14 'ਤੇ)

## ਤੁਸੀਂ ਜਾਣਦੇ ਹੋ

ਜਗਦੇਵ ਜਟਾਣਾ

ਤੁਸੀਂ ਜਾਣਦੇ ਹੋ —
ਮੇਰੇ ਸਰੀਰ ਨੇ ਹੰਢਾਈ ਹੈ
ਕੱਚੀਆਂ ਕੋਠੜੀਆਂ ਦੀ ਸਿਲ੍ਹ
ਸੂਰਜ ਦੀਆਂ ਕਿਰਨਾਂ ਤੱਕ
ਹੈ ਨਹੀਂ ਸਾਡੀ ਪਹੁੰਚ।

ਤੁਸੀਂ ਜਾਣਦੇ ਹੋ —
ਬਚਪਨ ਵਿੱਚ ਹੀ ਮੇਰੀ ਰਹੀ
ਅੰਗੂਠੇ ਸੰਗ ਆੜੀ
ਚੁੰਘਾਂ ਮਾਰ ਛਾਤੀ ਚੁੰਘਾਵਣੀ
ਮੇਰੇ ਹਿੱਸੇ ਨਹੀਂ ਆਈ।

ਤੁਸੀਂ ਜਾਣਦੇ ਹੋ
ਇਸ ਗਲੇ ਵਿੱਚੋਂ ਪੈਦਾ ਹੋਣ ਵਾਲੀ
ਹਰ ਆਵਾਜ਼
ਕਰ ਦਿੱਤੀ ਜਾਂਦੀ ਹੈ ਕਤਲ
ਬੁੱਲ੍ਹਾਂ ਤੋਂ ਕੰਨਾਂ ਤੱਕ ਦਾ ਸਫ਼ਰ
ਤਹਿ ਕਰ ਸਕਣ ਤੋਂ ਵੀ ਪਹਿਲਾਂ।

ਤੁਸੀਂ ਜਾਣਦੇ ਹੋ —
ਮੈਂ ਉਸ ਜਮਾਤ ਵਿੱਚੋਂ ਹਾਂ
ਜਵਾਨੀ ਦੀ ਦਹਿਲੀਜ਼ ਤੇ
ਖੜ੍ਹੋਣਾ ਤਾਂ ਇੱਕ ਪਾਸੇ
ਪੈਰ ਮਲਣਾ ਵੀ
ਜਿਸਦੇ ਹਿੱਸੇ ਨਹੀਂ ਆਉਂਦਾ
ਜੋ ਖੜਕਾਉਂਦੇ ਹਨ ਸਿੱਧਾ
ਬਚਪਨ ਤੋਂ ਬੁਢਾਪੇ ਦਾ ਦਰਵਾਜ਼ਾ।

ਤੁਸੀਂ ਇੰਨਾਂ ਕੁਝ ਜਾਣਦੇ ਹੋ
(ਪਰ) ਫਿਰ ਵੀ ਕਿਉਂ ਤੁਹਾਡੀਆਂ
ਰਾਤਾਂ ਬੇਚੈਨ ਹਨ ਅਤੇ ਦਿਨ ਬੇਆਰਾਮ?
ਕਿਉਂ ਲੋੜ ਪੈਂਦੀ ਹੈ ਨੀਂਦ ਦੀਆਂ ਗੋਲੀਆਂ
ਜਾਂ ਇੰਜੈਕਸ਼ਨਾਂ ਦੀ?

ਸਭ ਕੁਝ ਜਾਣਦੇ ਹੋਏ
ਸ਼ਾਇਦ ਤੁਸੀਂ ਇਹੀ ਨਹੀਂ ਜਾਣਦੇ
ਕਿ ਮਿਹਨਤਕਸ਼ ਦਾ ਖ਼ੂਨ
ਕਦੀ ਨਹੀਂ ਪਚੇਗਾ
ਕਦੀ ਚੈਨ ਦੀ ਨੀਂਦ ਨਹੀਂ ਸੌਣ ਦੇਵੇਗਾ!
● (VANCOUVER)

## ਸੰਤ ਦੇ ਗੁਣੇਦੇਰਾਂ

(ਸੰਤ ਜੇ ਗੁਣੇਦੇਰਾਂ ਦੇ ਸ਼ਹੀਦੀ ਦਿਨ ੧ ਅਕਤੂਬਰ ਦੇ ਨਾਂ)

ਮਨਮੋਹਨ ਸਿੰਘ ਅਰੋੜਾ

ਕਰਮਗਤੀ ਦੀ ਗਤੀ ਤੋੜਕੇ,
ਸਰਬਲੋਹ ਦਾ ਡੇਰਾ ਡੰਨਕੇ,
ਤੇਰੇ ਹੱਥ ਵਿੱਚ ਸ਼ਸਤਰ ਸੋਭੇ।
ਤੇਰੀ ਅਕਲ ਨੂਰ 'ਚੋਂ ਜੰਮੀ
ਤੂੰ ਰੁਸਨਾਂ ਦਾ ਰਖਵਾਲਾ ਹੈਂ।
ਕਰਮਗਤੀ ਨੂੰ ਮੋੜਨ ਵਾਲਾ,
ਜੋਰ ਹੈ ਤੇਰੇ ਮਸਤਕ ਅੰਦਰ।
ਤੂੰ ਮੁਕਤੀ ਮਾਰਗ ਦਾ ਦਾਤਾ।

ਆਓ ਜੀ ਕੰਮ ਸੌਖਾ ਕਰੀਏ
ਇੱਕ ਛਿਣ ਵਿੱਚ ਮੁਗਧ ਹੋ ਜਾਈਏ
ਛਿਣ ਸਾਡੇ ਅੰਦਰ ਬਾਹਰ ਹੈ,
ਇਸ ਛਿਣ ਦੀ ਅੱਜ ਕੁੱਕਰ ਫੜਕੇ,
ਪਰਮਤੱਤ ਨਾਲ ਦੋ ਹੱਥ ਕਰੀਏ।
ਉਸ ਜੋਧੇ ਦੀ ਨਗਰੀ ਦੇ ਵਿੱਚ
ਸ਼ਸਤਰ ਦੇ ਪਰਛਾਵੇਂ ਹੇਠਾਂ
ਪਰਮ ਅਨੰਦ ਦੇ ਦਰਸ਼ਨ ਹੋਏ!
● (CALGARY)


ਪ੍ਰਿੰਸ ਰੂਪਰਟ, ਬੀ.ਸੀ. ਵਿਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

# ਜਟਾਣਾ ਐਂਟਰਪਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੇਰਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**
**1238 ALEXANDRA PLACE.**
PRINCE RUPERT

# HIMALAYA RESTAURANT LTD.

6595 Main Street — Phone: 324-6514
2313 Main Street, (LICENSED PREMISES) — Phone: 876-2911
VANCOUVER, B.C.



KEWAL SINGH PABLA

## PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

ਮਠਿਆਈ ਦੀ ਮਸ਼ਹੂਰ ਦੁਕਾਨ

# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311

***GET YOUR*** Autoplan ***AND HOME INSURANCE***

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

# ਦਰਪਣ

ਵਤਨੋਂ ਦੂਰ ਵਿੱਚ 'ਪਾਠਕਾਂ ਦਾ ਪੰਨਾ' ਪਹਿਲੀ ਵਾਰ ਮਾਰਚ 1977 ਵਿੱਚ ਸ਼ੁਰੂ ਕੀਤਾ ਗਿਆ ਸੀ। ਜੁਲਾਈ 1977 ਵਿੱਚ ਇਸਦਾ ਨਾਂ 'ਦਰਪਣ' ਰੱਖਿਆ ਗਿਆ। ਸ਼ਾਇਦ ਇਸ ਕਾਲਮ ਦੀ ਹਰਮਨ ਪਿਆਰਤਾ ਤੋਂ ਪ੍ਰਭਾਵਤ ਹੋਕੇ ਹੀ 81/82 ਵਿੱਚ ਕੈਨੇਡਾ 'ਚੋਂ ਸ਼ੁਰੂ ਹੋਏ ਦੋ ਪਰਚਿਆਂ ਦਾ ਨਾਮ 'ਦਰਪਣ'/ 'ਕੈਨੇਡਾ ਦਰਪਣ' ਹੈ। ਕੁਝ ਅਰਸੇ ਤੋਂ ਬੰਦ ਇਸ ਕਾਲਮ ਨੂੰ ਅਸੀਂ ਦੁਬਾਰਾ ਸ਼ੁਰੂ ਕਰ ਰਹੇ ਹਾਂ ਤਾਂ ਜੁ ਸਾਡੇ ਲੇਖਕ/ਪਾਠਕ ਪਿਛਲੇ ਪਰਚਿਆਂ ਬਾਰੇ ਵਿਚਾਰ-ਪਰਦਰਸ਼ਨੀ ਕਰ ਸਕਣ। ਪਰਚੇ ਦੀ ਸਮੁੱਚੀ ਪੱਧਰ ਜਾਂ ਕਿਸੇ ਰਚਨਾ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਸਮੇਂ ਸਤਹੀ ਜਾਂ ਭਾਵੁਕ ਤੌਰ 'ਤੇ ਚੰਗਾ/ਮਾੜਾ ਲਿਖਣ ਦੀ ਥਾਂ ਕਿਰਪਾ ਕਰਕੇ ਲਿਖੋ : 'ਕਿਉਂ ?' ਇਸ ਕਾਲਮ ਵਿੱਚ ਤੁਸੀਂ ਉਨ੍ਹਾਂ ਵਿਸ਼ਿਆਂ 'ਤੇ ਵੀ ਸੰਖੇਪ ਟਿੱਪਣੀਆਂ ਲਿਖ ਸਕਦੇ ਹੋ ਜਿਹੜੇ ਸਾਹਿੱਤ ਦੇ ਕਿਸੇ ਹੋਰ ਸਰੂਪ ਦੇ ਫਿੱਟ ਨਾ ਆਉਂਦੇ ਜਾਪਣ। ਸੁਝਾਅ ਅਤੇ ਉਸਾਰੂ ਟਿੱਪਣੀਆਂ/ਰਚਨਾ ਰਾਹੀਂ ਅਸੀਂ ਚਾਹੁੰਦੇ ਹਾਂ ਕਿ ਇਹ ਕਾਲਮ ਵਤਨੋਂ ਦੂਰ ਦੇ ਲੇਖਕਾਂ/ਪਾਠਕਾਂ/ਚਿੰਤਕਾਂ ਦਰਮਿਆਨ ਗੰਭੀਰ ਵਿਚਾਰ-ਵਟਾਂਦਰੇ ਦਾ ਮਾਧਿਅਮ ਬਣੇ ਅਤੇ ਸਾਰਿਆਂ ਲਈ ਕੁਝ ਨਾ ਕੁਝ ਨਵਾਂ/ਸਾਰਥਕ ਪੇਸ਼ ਕਰੇ।

ਪਿਛਲੇ ਵਰ੍ਹੇ ਅਸੀਂ ਵਤਨੋਂ ਦੂਰ ਦਾ ਪ੍ਰਬੰਧਕੀ ਢਾਂਚਾ ਤਬਦੀਲ ਕਰਨ ਵਿੱਚ ਰੁੱਝੇ ਹੋਏ ਸਤੰਬਰ-ਅਕਤੂਬਰ 82 ਅਤੇ ਨਵੰਬਰ ਦਸੰਬਰ 82 ਦੇ ਦੋ ਅੰਕ ਪ੍ਰਕਾਸ਼ਤ ਨਹੀਂ ਸੀ ਕਰ ਸਕੇ। ਸੋ ਜੁਲਾਈ-ਅਗਸਤ 82 ਦਾ ਵਤਨੋਂ ਦੂਰ ਛਪਣ ਤੋਂ ਬਾਅਦ ਸਾਨੂੰ ਪਹੁੰਚੇ ਖ਼ਤਾਂ ਦੇ ਚੋਣਵੇਂ ਹਿੱਸੇ ਪੇਸ਼ ਹਨ।

– ਸੰਪਾਦਕ

ਵਤਨੋਂ ਦੂਰ ਵਸੇਂਦੇ ਵਤਨ ਦੇ ਸਦਾ ਅੰਗ ਸੰਗ ਰਹਿਣ ਵਾਲੇ ਮਿੱਤਰੋ! ਗਲਵੱਕੜੀਆਂ ... ਨਵੇਂ ਲਿਖੇ ਦੋ ਗੀਤਾਂ ਨਾਲ ਆਪਦਾ ਤੇ ਹੋਰ ਸਾਰੇ ਲਾਲ ਸੂਹੀ ਸੋਚ ਰੱਖਣ ਵਾਲਿਆਂ ਦਾ ਧੰਨਵਾਦ ਕਰਦਾ ਹਾਂ... ਵਿਰੋਧੀ ਗਰੁੱਪਾਂ ਦੀਆਂ ਇੱਕ ਦੂਜੇ ਨਾਲ ਕੁੱਕੜਖੋਹੀਆਂ ਮੇਰੇ ਲੋਕਾਂ ਨਾਲ ਹੀ ਨਹੀਂ ਮੇਰੇ ਦੇਸ਼ ਨਾਲ ਵੀ ਨਾ ਪੂਰਾ ਹੋਣ ਵਾਲਾ ਖਸਾਰਾ ਪਾ ਰਹੀਆਂ ਹਨ। ... ਮੈਨੂੰ ਆਪਣੇ ਕੀਤੇ ਨਾਲ ਪ੍ਰੀਤ ਤੇ ਪ੍ਰਤੀਤ ਹੈ ਕਿ ਤੁਹਾਡੇ ਵਰਗੇ ਈਮਾਨਦਾਰ ਲੋਕਾਂ ਦੀਆਂ ਸੋਚਾਂ ਮੇਰੇ ਲੋਕਾਂ ਦੇ ਜੀਵਨ ਵਿੱਚ ਜ਼ਰੂਰ ਤਬਦੀਲੀ ਲਿਆਉਣਗੀਆਂ। ਲਗਨ ਨਾਲ ਤੁਰੇ ਰਹਿਣਾ ਮੇਰਾ ਫ਼ਰਜ਼ ਬਣ ਚੁੱਕਾ ਹੈ। ਜੇਕਰ "ਵਤਨੋਂ ਦੂਰ" ਦਾ ਕੋਈ ਕਾਲਮ ਮੇਰੇ ਲਈ ਰਾਖਵਾਂ ਕਰ ਦਿਓ ਤਾਂ ਧੰਨਵਾਦੀ ਹੋਵਾਂਗਾ – ਇਹ ਦੋਨੋਂ ਕਵਿਤਾਵਾਂ "ਵਤਨੋਂ ਦੂਰ" ਲਈ ਹਨ।

– ਸੰਤ ਰਾਮ ਉਦਾਸੀ
ਰਾਇਸਰ, ਪੰਜਾਬ, India. (20 ਜੂਨ 82)

ਵਤਨੋਂ ਦੂਰ ਦਾ ਅੰਕ, ਸ: ਗੁਰਸ਼ਰਨ ਸਿੰਘ ਹੋਰਾਂ ਦੇ ਘਰੋਂ ਮਿਲਿਆ ਸੀ। ਤੁਸੀਂ ਮੇਰਾ ਲੇਖ ਛਾਪਿਆ ਹੈ- ਬਹੁਤ ਬਹੁਤ ਸ਼ੁਕਰ ਗੁਜ਼ਾਰ ਹਾਂ। ਕੁਝ ਨਿਜੀ ਅਤੇ ਸਿਆਸੀ ਕਾਰਨਾ ਕਾਰਣ ਮੈਂ ਸਮਤਾ ਵਿੱਚ 3-4 ਮਹੀਨਿਆਂ ਲਈ ਲਿਖਣਾ ਬੰਦ ਕਰ ਦਿੱਤਾ ਸੀ (ਜੁਲਾਈ ਤੋਂ ...) ਪਰ ਆਪਜੀ ਵਰਗਿਆਂ ਦੁਆਰਾ ਬਖਸ਼ੇ ਹੌਂਸਲੇ ਕਾਰਨ, ਦੁਬਾਰਾ ਲਿਖਣਾ ਸ਼ੁਰੂ ਕਰ ਦਿੱਤਾ ਹੈ! ਅੱਜ ਦੇਸ਼ ਵਿੱਚ ਐਨੇ ਜ਼ਿਆਦਾ ਐਕਸੀਡੈਂਟ ਹੋ ਰਹੇ ਹਨ ਕਿ ਬਿਆਨ ਨਹੀਂ ਹਨ ਕੀਤੇ ਜਾ ਸਕਦੇ... ਹਰ ਹਫ਼ਤੇ ਕੋਈ ਨਾ ਕੋਈ ਸਾਲਮ ਬੱਸ ਹੀ ਫ਼ਨਾ ਹੋ ਜਾਣ ਬਾਬਤ ਪਤਾ ਲਗਦਾ ਹੈ। ਸਮਤਾ ਸਤੰਬਰ 82 ਵਿੱਚ ਉਪਰੋਕਤ ਵਿਸ਼ੇ ਤੇ ਹੀ ਇੱਕ ਲੇਖ ਛਪੇਗਾ 'ਐਕਸੀਡੈਂਟ ਜਾਂ ਕਤਲ'... ... ਸਮਤਾ ਵਾਸਤੇ ਐਥੇ ਵੀ ਬਹੁਤੇ ਲਿਖਣ ਨਹੀਂ ਹਨ ਲਭਦੇ। ਬੁੱਧੀਜੀਵੀ ਤਾਂ ਬੁੱਧੀ-ਜੀਵੀ ਬਣਕੇ ਹੀ ਰਹਿ ਗਏ ਹਨ। ਸਮਤਾ ਨੂੰ ਕੁਝ popular ਬਨਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਜੁ ਇਸਦਾ ਘੇਰਾ ਵਿਸ਼ਾਲ ਕੀਤਾ ਜਾ ਸਕੇ। ਤੁਸੀਂ ਵੀ ਕੁਝ ਨਾ ਕੁਝ ਰੈਗੂਲਰ ਭੇਜਦੇ ਰਿਹਾ ਕਰੋ।

– (ਪ੍ਰੋ:) ਐਮ. ਸੀ. ਭਾਰਦਵਾਜ
ਪਟਿਆਲਾ, ਪੰਜਾਬ, India (9 ਅਗਸਤ 82)

ਦੇਰ ਹੋਈ ਵਤਨੋਂ ਦੂਰ ਤੁਹਾਡਾ ਭੇਜਿਆ ਮਿਲਿਆ ਸੀ। ਇੱਕ ਗ਼ਜ਼ਲ ਵਤਨੋਂ ਦੂਰ ਲਈ ਭੇਜ ਰਿਹਾ ਹਾਂ। ਵਿਚਾਰ ਲੈਣੀ।

– ਜਗਤਾਰ ਢਾਅ
Southall Middx, U.K. (ਦਸੰਬਰ 82)

(ਨੋਟ: ਸੰਤ ਰਾਮ ਉਦਾਸੀ ਦੀਆਂ ਰਚਨਾਵਾਂ ਅਤੇ ਜਗਤਾਰ ਢਾਅ ਦੀ ਗ਼ਜ਼ਲ ਵਤਨੋਂ ਦੂਰ ਦੇ ਜਨਵਰੀ-ਫਰਵਰੀ 83 ਅੰਕ ਵਿੱਚ ਛਾਪੀਆਂ ਜਾ ਚੁੱਕੀਆਂ ਹਨ। ਨਾਟਕਕਾਰ ਗੁਰਸ਼ਰਨ ਸਿੰਘ ਦੀ ਸੰਪਾਦਨਾ ਹੇਠ ਛਪ ਰਹੇ ਮਾਸਕ-ਪੱਤਰ ਸਮਤਾ ਨੇ ਅਗਾਂਹਵਧੂ ਪੱਤਰਕਾਰੀ ਨੂੰ ਸ਼ਲਾਘਾਯੋਗ ਦੇਣ ਦੇਕੇ ਪੰਜਾਬੀ ਪੱਤਰਕਾਰੀ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਲਿਆ ਹੈ। ਪ੍ਰੋ: ਭਾਰਦਵਾਜ ਦਾ ਖਾਲਸਤਾਨ ਦੇ ਭਖਦੇ ਮਸਲੇ ਉੱਤੇ ਸਮਤਾ (ਜੂਨ 82) ਵਿੱਚ ਛਪਿਆ ਇੱਕ ਬਹੁਤ ਹੀ ਖੋਜ ਭਰਪੂਰ ਲੇਖ 'ਇੱਕ ਗਿਆਨੀ- ਸੌ ਖਾਲਿਸਤਾਨੀ' ਅਸੀਂ ਵਤਨੋਂ ਦੂਰ (ਮਈ-ਜੂਨ 82 ਅੰਕ) ਵਿੱਚ ਵੀ ਛਾਪਿਆ ਸੀ ਜਿਸਦੀ ਪਾਠਕਾਂ ਨੇ ਰੱਜਕੇ ਸ਼ਲਾਘਾ ਕੀਤੀ। ਪ੍ਰੋ: ਭਾਰਦਵਾਜ ਨੇ ਸਮਕਾਲੀ ਮਸਲਿਆਂ ਉੱਤੇ ਆਪਣੇ ਵਿਸ਼ੇਸ਼ ਅੰਦਾਜ਼ ਵਿੱਚ ਖੋਜ ਭਰਪੂਰ ਲੰਬੇ ਲੰਬੇ ਲੇਖ ਲਿਖਕੇ ਇੱਕ ਨਵੀਂ ਪਿਰਤ ਪਾਈ ਹੈ। 'ਐਕਸੀਡੈਂਟ ਜਾਂ ਕਤਲ... ... ???" ਸਮਤਾ (ਨਵੰਬਰ 82) ਵਿੱਚ ਛਪ ਚੁੱਕਾ ਹੈ ਅਤੇ ਨਵੰਬਰ ਵਿੱਚ ਹੀ ਐੱਮ. ਸੀ. ਭਾਰਦਵਾਜ ਦੀ ਪੁਸਤਕ 'ਇਹ ਹੈ ਸਾਡਾ ਹਿੰਦੋਸਤਾਨ'- ਸਮਤਾ, ਇਹ ਹੈ ਸਾਡਾ ਹਿੰਦੋਸਤਾਨ ਅਤੇ ਪ੍ਰੋ: ਭਾਰਦਵਾਜ ਨਾਲ ਸੰਪਰਕ ਲਈ ਪਤਾ ਹੈ: ਨਾਟਕਕਾਰ ਗੁਰਸ਼ਰਨ ਸਿੰਘ, ਗੁਰੂ ਖਾਲਸਾ ਨਿਵਾਸ, ਡਾ: ਖਾਲਸਾ ਕਾਲਜ, ਅੰਮ੍ਰਿਤਸਰ!
ਸੰਤ ਰਾਮ ਉਦਾਸੀ ਦੀਆਂ ਚੋਣਵੀਆਂ ਕਵਿਤਾਵਾਂ ਦੀ ਪੁਸਤਕ 'ਲਹੂ ਤੋਂ ਲੋਹੇ ਤੱਕ' ਕੈਨੇਡਾ ਵਿੱਚ ਇਸ ਪਤੇ ਤੇ ਮਿਲ ਸਕਦੀ ਹੈ: ਵਿਪਾਨ, ਪੋਸਟਲ ਬਾਕਸ 69646, ਸਟੇਸ਼ਨ "K", ਵੈਨਕੂਵਰ, ਬੀ. ਸੀ., V5K 4W7.

– ਸੰਪਾਦਕ)

ਵਤਨੋਂ ਦੂਰ ਕੁਝ ਸਮੇਂ ਤੋਂ ਮਿਲ ਨਹੀਂ ਰਿਹਾ - ਕੀ ਗੱਲ ਤੁਸੀਂ ਭੇਜਣਾ ਬੰਦ ਕਰ ਦਿੱਤਾ ਜਾਂ ਕਿ ਮੈਨੂੰ ਨਹੀਂ ਮਿਲ ਰਿਹਾ ਜਾਂ ਕਿ ਅੱਜਕਲ ਨਿਕਲ ਨਹੀਂ ਰਿਹਾ? ... ਅਸੀਂ ਤੁਹਾਡੇ ਉੱਥੇ ਕੈਨੇਡਾ ਦੇ ਜੀਵਨ ਬਾਰੇ ਚੰਗੀ ਤਰਾਂ ਜਾਣਕਾਰੀ ਇਸੇ ਤੋਂ ਹੀ ਗ੍ਰਹਿਣ ਕਰਦੇ ਹਾਂ ਕਿ ਦੇਸ਼-ਵਾਸੀ - 'ਇੱਕ ਆਜ਼ਾਦ ਦੇਸ਼ ਦੇ ਵਾਸੀ' ਕਿਵੇਂ ਬਦੇਸ਼ਾਂ ਵਿੱਚ ਜ਼ਲੀਲ, ਤੰਗ ਅਤੇ ਭੈਣਾਂ-ਭਰਾਵਾਂ, ਮਾਂ-ਪਿਓ ਤੋਂ ਵਿੱਛੜਕੇ ਸਾਲਾਂ ਬੱਧੀ ਨਸਲੀ ਵਿਤਕਰਿਆਂ ਆਦਿ ਦੇ ਸ਼ਿਕਾਰ ਹੁੰਦੇ ਹਨ - ਕੀ ਇਹ ਕੋੜੀ ਸਚਾਈ ਤੁਸੀਂ ਸਿਰਫ਼ CANADIAN CITIZEN ਵਾਸਤੇ ਹੀ ਦਸਦੇ ਹੋ ਜਾਂ ਕਿ ਕਰੋੜਾਂ ਭਾਰਤੀਆਂ ਲਈ ਜਿਹੜੇ ਕਿੰਨੀਆਂ ਮਜ਼ਬੂਰੀਆਂ ਤੋਂ ਆਪਣੇ ਵੀਰਾਂ ਨੂੰ ਘਰੋਂ ਭੇਜਣ ਤੇ ਇੱਕ ਲੰਬੇ ਸਮੇਂ ਦੀ ਵਿਛੋੜੇ ਦੀ ਪੀੜ 'ਚ ਜਿਉਣ 'ਚ ਮਜ਼ਬੂਰ ਨੇ - ਜ਼ਾਹਿਰ ਹੈ ਕਿ ਇੱਕ ਦਿਨ ਜ਼ਰੂਰ (ਜਿਵੇਂ ਕਿ ਹਾਲਤਾਂ ਬਦਲ ਰਹੀਆਂ ਨੇ) ਉਹ ਦਿਨ ਆਵੇਗਾ ਜਦੋਂ ਤੁਹਾਨੂੰ ਸਭਨੂੰ ਜਾਂ ਹੋਰਨਾਂ ਨੂੰ ਇਹ ਧਰਤੀ ਛੱਡਕੇ ਘਰੋਂ ਬੇ-ਘਰ ਨਹੀਂ ਹੋਣਾ ਪਏਗਾ - ਬੱਸ ਲੋੜੀਂਦਾ ਹਿੱਸਾ ਪਾਉਣ ਲਈ ਤੁਹਾਡੀ ਦੀ ਜ਼ਿੰਮੇਵਾਰੀ ਹੈ ਕਿ ਤੁਸੀਂ ਅੰਦਰ ਦੀ ਹਾਲਤ INDIA ਦੇ ਵੱਧ ਤੋਂ ਵੱਧ ਸਾਥੀਆਂ ਤੱਕ ਭੇਜਣ ਦੀ ਕਰੋ ... ਪਿੱਛੇ ਜਿਹੇ 'ਸੁਰਖ਼ ਰੇਖਾ' ਪਰਚੇ ਵਿੱਚ (ਮਾਸਕ-ਪੱਤਰ ਸੁਰਖ਼ ਰੇਖਾ, ਪਿੰਡ ਤੇ ਡਾਕ: ਖੁਡਾਣੀ ਕਲਾਂ, ਜ਼ਿਲਾ ਲੁੱਧਿਆਣਾ) ਮੈਂ ਵਤਨੋਂ ਦੂਰ 'ਚੋਂ ਇੱਕ ਲੇਖ ਵੀ ਭੇਜਿਆ ਸੀ - ਤੇ ਛਪ ਗਿਆ ਸੀ - ਪਾਠਕਾਂ ਬਹੁਤ ਪਸੰਦ ਵੀ ਕੀਤਾ ਸੀ -

- ਰਾਜਿੰਦਰ ਰਾਜੂ
ਬਾਬਾ ਬਕਾਲਾ, ਅੰਮ੍ਰਿਤਸਰ, India (ਇੱਕ ਜੂਨ 82)

ਇਕਬਾਲ ਰਾਹੀਂ ਵਤਨੋਂ ਦੂਰ ਦਾ ਪਤਾ ਲੱਗਾ ਅਤੇ ਨੋਵਾ-ਸਕੋਸ਼ੀਆ ਦੇ ਜੁੜਵੇਂ ਸ਼ਹਿਰਾਂ ਹੈਲੀਫੈਕਸ-ਡਾਰਟਮਥ ਵਿੱਚ ਪੰਜ ਸੱਤ ਪੰਜਾਬੀ ਪ੍ਰੇਮੀਆਂ ਨੂੰ ਪਾਠਕ ਬਣਾਇਆ ਹੈ। ਇਸ ਪੂਰਬੀ ਸੂਬੇ ਵਿੱਚ ਪੰਜਾਬੀ ਬਹੁਤ ਘੱਟ ਹਨ ਅਤੇ ਨਾ ਹੀ ਬਹੁਤਿਆਂ ਨੂੰ ਪੰਜਾਬੀ ਸਾਹਿੱਤ ਦਾ ਸ਼ੌਕ ਹੈ। ਹਾਂ, ਇਹ ਲੋਕ ਡਾਲਰਾਂ ਦੇ ਦਾਸ ਜ਼ਰੂਰ ਹਨ।

ਸਮੇਂ ਦੀ ਘਾਟ ਅਤੇ ਮਾਇਆ ਦੇ ਲੰਬੇ ਘੁੰਡਾਂ ਦੇ ਬਾਵਜੂਦ ਵੀ ਤੁਹਾਡਾ ਪਰਚਾ ਚੰਗਾ ਹੈ। ਪਰ ਕਈ ਗੱਲਾਂ ਮੈਨੂੰ ਚੁਭਦੀਆਂ ਜ਼ਰੂਰ ਹਨ। ਪਿੱਛੇ ਜਿਹੇ ਇੱਕ ਕਹਾਣੀ ਪੜ੍ਹੀ ਸੀ ਜਿਸ ਵਿੱਚ ਵਾਰਤਾਲਾਪ ਇਹ ਵੀ ਸੀ "ਉਸਦਾ ਘੋੜਾ ਵਾਲਾ ਹੈ"- ਸੈਕਸ ਦੀਆਂ ਗੱਲਾਂ ਬੇਸ਼ੱਕ ਅਸ਼ਲੀਲ ਹੀ ਹੋਣ ਪਰ ਬੋਲੀ ਵਿੱਚ ਪੋਚਾ-ਪਾਚੀ ਜ਼ਰੂਰ ਚਾਹੀਦੀ ਹੈ। ਤੁਸੀਂ ਅਜਿਹੀਆਂ ਲਾਈਨਾਂ ਜ਼ਰੂਰ ਸੋਧਿਆ ਕਰੋ। ਕਿੰਨਾਂ ਚੰਗਾ ਹੋਵੇ ਜੇਕਰ ਸਾਰਾ ਪਰਚਾ ਇੱਕੋ ਤਰਾਂ ਦੇ ਪਰਿੰਟ ਵਿੱਚ ਹੋਵੇ। ਸੁਖਿੰਦਰ ਦੀਆਂ ਕਵਿਤਾਵਾਂ ਮੈਨੂੰ ਕਵਿਤਾਵਾਂ ਨਹੀਂ ਜਾਪੀਆਂ ਤੇ ਕੈਨੇਡੀਅਨ ਪੰਜਾਬੀ ਸਾਹਿਤ ਬਾਰੇ ਲੰਬੇ ਵਾਦ ਵਿਵਾਦ ਬਿਲਕੁੱਲ ਨਹੀਂ ਸੋਭਦੇ ਜੋ ਸੁਖਿੰਦਰ ਨੇ ਲਿਖੇ ਹਨ। ਵੱਧ ਤੋਂ ਵੱਧ ਲੇਖਕਾਂ ਨੂੰ ਪ੍ਰੇਰਨਾ, ਤੁਹਾਡੀ ਕੋਸ਼ਿਸ਼ ਚਾਹੀਦੀ ਹੈ ਪਰ ਲੰਬੇ ਲੇਖ ਪਾਠਕਾਂ ਨੂੰ ਨਿਰਾਸ਼ ਕਰਦੇ ਹਨ। ਮੈਂ ਕੋਸ਼ਿਸ਼ ਕਰਾਂਗਾ ਕਿ ਅੱਗੇ ਲਈ ਕੁਝ ਲਿਖਕੇ ਭੇਜਾਂ।

- ਗੁਰਪਾਸ ਸਿੱਧੂ
DARMOUTH, NOVA SCOTIA, Canada (23 ਜੁਲਾਈ 82)

ਪਰਚਾ ਅੱਜ ਹੀ ਬੱਸ ਡੀਪੋ ਤੋਂ ਚੁੱਕ ਕੇ ਲਿਆਇਆ ਹਾਂ - ਅਜੇ 'ਆਲੋਚਨਾਤਮਕ' ਨਜ਼ਰਾਂ ਨਾਲ ਨਹੀਂ ਦੇਖਿਆ - ਤੁਹਾਡੀ ਮਿਹਨਤ ਵੱਲੋਂ ਕੋਈ ਕਸਰ ਨਹੀਂ - ਜੇ ਕਿਤੇ ਵਧੀਆ ਪੇਪਰ ਤੇ ਛਪਿਆ ਹੁੰਦਾ ਤਾਂ ਆਸਪਾਸ ਇਹਦੇ ਮੁਕਾਬਲੇ ਦੀ ਚੀਜ਼ ਨਹੀਂ ਸੀ ਮਿਲਣੀ। ਇਹ ਵਧੀਆ ਗੱਲ ਹੈ ਕਿ ਲਾਟ ਤੇ ਸਤਵੰਤ ਵੀ ਹਿੱਸਾ ਲੈਣਗੇ। ਪਰ ਇੱਕ ਗੱਲ ... ਉਹ ਸਿਰਫ਼ ਲਿਖਣ ਲਈ ਨਾਂ ਲਿਖਣ - ਆਸ ਪਾਸ ਨੂੰ ਦੇਖਣ ਘੋਖਣ ਅਤੇ ਫੇਰ ਲਿਖਣ ਜੋ ਅੰਦਰੋਂ ਕੁਝ ਕਹਿਣ ਲਈ ਉਤਾਵਲੇ ਹੋਣ - ਆਪ ਵੀ ਇਸ ਗੱਲ ਦਾ ਖ਼ਿਆਲ ਰੱਖੀਂ ਤੇ ਜੇ ਕਿਤੇ ਸਾਡੀ ਕਿਸੇ ਦੀ ਲਿਖਤ 'ਚੋਂ ਇਹੋ ਜਿਹੀ ਬੋਅ ਆਏ ਤਾਂ ਤੁਰੰਤ ਦੱਸੀਂ। ਵਤਨੋਂ ਦੂਰ ਵਿੱਚ ਮੌਲਕਤਾ ਤੇ ਤਾਕਤ ਉਦੋਂ ਹੀ ਆਵੇਗੀ ਜਦੋਂ ਆਪਾਂ ਸਾਰਿਆਂ ਵਿੱਚ ਇਹ ਕੁਸ਼ ਮੌਜੂਦ ਹੋਵੇਗਾ।

- ਸਾਧੂ
BURNABY, B.C., Canada (13 ਜਨਵਰੀ 83)

'ਵਤਨੋਂ ਦੂਰ' ਦੀ ਨਵੀਂ ਨੁਹਾਰ ਦੇਖਕੇ ਫੇਰ ਕੁਝ ਉਮੀਦਾਂ ਬੱਝੀਆਂ ਹਨ. ਸੰਪਾਦਨਾ ਕਾਫ਼ੀ ਚੰਗੀ ਹੈ. ਇਸ਼ਤਿਹਾਰਾਂ ਨੂੰ ਅਖੀਰ ਉੱਤੇ ਲਗਾਉਣਾ ਵੀ ਵਧੀਆ ਹੈ। 'ਸਾਹਿੱਤ ਸਮਾਚਾਰ' ਦੀ ਥਾਂ ਮੇਰੇ ਖਿਆਲ ਮੁਤਾਬਿਕ 'ਸਾਹਿਤਿਕ ਸਮਾਚਾਰ' ਸ਼ਬਦ ਹੋਣਾ ਚਾਹੀਦਾ ਹੈ. ਇੱਕ ਨਵਾਂ ਕਾਲਮ ਸ਼ੁਰੂ ਕਰੋ - ਰੀਪੋਤਾਜ (ਇਸ ਵਿੱਚ ਸਾਹਿਤ ਸਭਾਵਾਂ ਦੀਆਂ ਰੀਪੋਰਟਾਂ ਹੋਣ) ਜਾਂ ਕਿਸੇ ਹੋਰ ਸਾਹਿਤਕ ਸਮਾਗਮ ਦੀ ਰੀਪੋਰਟ.

- ਸੁਖਿੰਦਰ
TORONTO, Ontario, Canada (21 ਜਨਵਰੀ 83)

'ਵਤਨੋਂ ਦੂਰ' ਮਿਲ ਗਿਆ ਸੀ - ਆਸ ਮੁਤਾਬਕ ਦੇਖ, ਤਰਤੀਬ ਅਤੇ editing ਬਹੁਤ ਪ੍ਰਭਾਵਸ਼ਾਲੀ ਹੈ - ਭਾਵੇਂ ਕਿ ਕਿੰਨੀਆਂ ਮੋਟੀਆਂ ਤਰੁਟੀਆਂ ਇਧਰ ਉਧਰ ਨਜ਼ਰ ਆਈਆਂ ਪ੍ਰੰਤੂ ਸਮੁੱਚੇ ਤੌਰ ਤੇ ਪਰਚਾ ਬਹੁਤ ਵਧੀਆ ਹੈ। ... ਕੋਸ਼ਿਸ਼ ਕਰੀਏ ਕਿ ਪਰਚਾ monthly ਹੋ ਸਕੇ - 'ਵਤਨ ਦੀ ਵਾਅ' ਕਾਲਮ ਬਹੁਤ ਵਧੀਆ ਕਾਲਮ ਬਣ ਸਕਦਾ ਹੈ ਪ੍ਰੰਤੂ ਲਾਟ ਭਿੰਡਰ ਦਾ ਇਸ ਵਾਰ ਦਾ ਲਿਖਿਆ ਕਾਲਮ, ਪੰਜਾਬ ਦੀ ਮੌਜੂਦਾ ਸਥਿਤੀ ਨੂੰ analyse ਕਰਨ ਲੱਗਿਆਂ ਬਹੁਤ ਹੀ ਉਲਾਰ ਹੋ ਗਿਆ ਹੈ... ਮੈਂ ਹਾਲੇ ਭਾਰਤ 'ਚ ਇੱਕ ਮਹੀਨਾ ਰਹਿਕੇ ਆਇਆ ਹਾਂ... ਚੰਡੀਗੜ੍ਹ ਭੂਸ਼ਨ, ਸ਼ਮਸ਼ੇਰ ਸੰਧੂ ਤੇ ਹਲਵਾਰਵੀ ਨਾਲ ਭਰਪੂਰ ਮੁਲਾਕਾਤ ਹੋਈ। ਭੂਸ਼ਨ ਨੇ ਇੱਕ ਤਜਵੀਜ਼ ਰੱਖੀ ਸੀ ਕਿ ਉਹ ਪੰਜਾਬ ਵਿੱਚੋਂ ਇੱਕ ਪਰਚਾ ਕੱਢਣਾ ਚਾਹੁੰਦਾ ਹੈ ਜੋ ਕੈਨੇਡੀਅਨ ਪੰਜਾਬੀ ਸਾਹਿਤ ਦੇ ਸੱਭਿਆਚਾਰਕ ਪੱਖ ਨੂੰ analyse ਕਰੇ... ਪ੍ਰੇਮ ਪ੍ਰਕਾਸ਼ ਨੂੰ ਮੈਂ ਮਿਲਿਆ ਸੀ - ਤੂੰ ਉਸਨੂੰ ਮਿਲੇ ਐਵਾਰਡ ਬਾਰੇ ਕੁਝ ਨਹੀਂ ਲਿਖਿਆ... ਕੋਸ਼ਿਸ਼ ਕਰਾਂਗਾ ਕਿ ਕਿਸੇ ਅੰਕ ਵਿੱਚ ਉਸ ਬਾਰੇ ਲਿਖਾਂ। ਛੇਤੀ ਹੀ ਭਾਰਤ ਤੋਂ ਲਿਆਂਦੇ ਕੁਝ ਪੱਤਰਾਂ 'ਚੋਂ ਕੁਝ ਵਧੀਆ material ਭੇਜਾਂਗਾ।

- ਇਕਬਾਲ ਰਾਮੂਵਾਲੀਆ
TORONTO, Ontario, Canada (6 ਜਨਵਰੀ 83)

# ਕਾਰਲ ਮਾਰਕਸ ਦੀਆਂ ਤਿੰਨ ਕਵਿਤਾਵਾਂ

ਵਿਗਿਆਨਕ ਕਮਿਊਨਿਜ਼ਮ ਦੇ ਬਾਨੀ, ਜੋਸ਼ੀਲੇ ਇਨਕਲਾਬੀ ਅਤੇ ਮਹਾਨ ਚਿੰਤਕ ਦਾ ਜਨਮ 5 ਮਈ 1818 ਨੂੰ ਜਰਮਨ ਦੇ ਸ਼ਹਿਰ ਟਰਾਇਰ ਵਿੱਚ ਹੋਇਆ। ਕਾਰਲ ਮਾਰਕਸ 14 ਮਾਰਚ 1883 ਨੂੰ ਚਲਾਣਾ ਕਰ ਗਿਆ ਸੀ। ਇਸ ਸਾਲ ਮਾਰਕਸ ਦੀ ਮੌਤ ਦੀ ਸ਼ਤਾਬਦੀ ਸੰਸਾਰ ਭਰ ਵਿੱਚ ਮਨਾਈ ਜਾ ਰਹੀ ਹੈ।

ਕਾਰਲ ਮਾਰਕਸ ਦੇ ਫਲਸਫ਼ੇ ਨੇ ਸੰਸਾਰ ਦੇ ਇਤਿਹਾਸ ਅਤੇ ਵਿਚਾਰ-ਪ੍ਰਵਾਹ ਉੱਤੇ ਵਿਆਪਕ ਅਸਰ ਪਾਇਆ ਹੈ। ਰਾਜਨੀਤੀ ਦੇ ਨਾਲ ਨਾਲ ਮਾਰਕਸ ਨੂੰ ਨਾਟਕ, ਨਾਵਲ, ਕਵਿਤਾ, ਕਲਾਸਕੀ ਪ੍ਰਾਚੀਨਤਾ, ਸੁਹਜ-ਸ਼ਾਸਤਰ ਅਤੇ ਕਾਨੂੰਨ ਵਿੱਚ ਵੀ ਡੂੰਘੀ ਦਿਲਚਸਪੀ ਸੀ। ਕਵਿਤਾਵਾਂ ਤੋਂ ਬਿਨਾਂ ਉਸਨੇ ਇੱਕ ਇਤਿਹਾਸਕ ਨਾਵਲ ਅਤੇ ਹਾਸਮਈ ਨਾਟਕ ਵੀ ਲਿਖਿਆ।

ਅਸੀਂ ਕਾਰਲ ਮਾਰਕਸ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਦੀਆਂ ਤਿੰਨ ਕਵਿਤਾਵਾਂ ਪੇਸ਼ ਕਰ ਰਹੇ ਹਾਂ। ਇਹ ਕਵਿਤਾਵਾਂ ਮਾਸਕੋ ਵਿਚ ਪ੍ਰਕਾਸ਼ਤ ਹੋਈ ਗੈਨਰਿਖ਼ ਵੋਲਕੋਵ ਦੀ ਪੁਸਤਕ ਵਿਚੋਂ ਹਨ। ਤੀਜੀ ਕਵਿਤਾ 'ਤਲਾਸ਼ ਵਿੱਚ' ਮਾਰਕਸ ਨੇ ਆਪਣੀ ਪਤਨੀ ਜੈਨੀ ਨੂੰ ਸਮਰਪਿਤ ਕੀਤੀ ਸੀ।

- ਸੰਪਾਦਕ

## ੧.

ਲਾਹਵਾਂ ਮੈਂ ਦਸਤਾਨੇ ਆਪਣੇ
ਤੇ ਪਟਕਾ ਕੇ ਮਾਰਾਂ
ਚੌੜੇ ਘ੍ਰਿਣਤ ਚਿਹਰੇ ਵਾਲੇ
ਜੱਗ ਨੂੰ ਮੈਂ ਲਲਕਾਰਾਂ
ਤੁਛ ਦੈਂਤ ਉਹ ਰੀਂ ਰੀਂ ਕਰਦਾ
ਭੁੰਜੇ ਢੇਰੀ ਹੋਣਾ
ਮੈਂ ਸਦਾ ਹੀ ਨਚਦੇ ਗਾਉਂਦੇ
ਖੁਸ਼ੀ ਮਨਾਉਂਦੇ ਰਹਿਣਾ।
ਜਿਤਿਆ ਹੋਇਆ, ਮੈਂ ਰੱਬ ਵਰਗਾ
ਹਿੰਮਤ ਮੇਰੀ ਅਮੁਕ
ਉਸ ਮਲਬੇ ਦੇ ਢੇਰ ਚੋਂ ਉਠਾਂ
ਵੀਰਾਂ ਵਾਂਗ ਅਝੁਕ
ਹਰ ਸ਼ਬਦ ਕਰਨੀ ਦਾ ਮਾਲਕ
ਅਤੇ ਅੱਗ ਦੀ ਸ਼ਕਤੀ
ਗੋਦ ਬਣੀ ਸਿਰਜਕ ਦੀ ਜਾਣੋ
ਮੇਰੀ ਆਪਣੀ ਛਾਤੀ। •

## ੨.

ਆਰਾਮ ਕੁਰਸੀਆਂ ਦੇ ਵਿਚ ਬੈਠੀ, ਗੁੰਗੀ ਬੋਲੀ
ਜਰਮਨ ਜਨਤਾ, ਚੁਪ ਚਾਪ ਬਸ ਵੇਖ ਰਹੀ ਹੈ
ਚਾਰ ਚੁਫੇਰੇ ਉਠਿਆ ਹੈ ਜਿਹੜਾ ਤੂਫਾਨ
ਬਦਲਾਂ ਕੱਜੇ ਹੋਏ ਅੰਬਰ,
ਹੋਰ ਹਨੇਰੇ ਤੇ ਸੁਨਸਾਨ
ਬਿਜਲੀ ਸਪਣੀ ਵਾਂਗ ਪਈ ਮਾਰੇ ਫੁੰਕਾਰੇ
ਨਾ ਕੁਝ ਸੋਚੇ, ਨਾ ਕੁਝ ਸਮਝੇ, ਟੱਸ ਤੋਂ ਮੱਸ ਨਾ ਹੋਵੇ।

ਐਪਰ ਜਦੋਂ ਇਹ ਝੱਖੜ ਝੁਲਿਆ ਬਹਿ ਜਾਏਗਾ
ਚਮਕੇਗਾ ਜਾਂ ਨਿਘਾ ਸੂਰਜ, ਪੋਲੇ ਪੋਲੇ ਪੋਣ ਤੁਰੇਗੀ
ਇਹ ਝੰਜਲਾ ਕੇ ਜਾਗ ਪਏਗੀ "ਗੜਬੜ ਦੇ ਦਿਨ ਬੀਤ ਗਏ"
ਦੇ ਨਾਂ ਦੀ, ਇਕ ਪੁਸਤਕ ਲਿਖ ਦੇਵੇਗੀ ਇਹ।

ਖਿਆਲਾਂ ਦੀ ਦੁਨੀਆਂ ਵਿਚ ਉਡਣਾ ਚਾਹਕੇ
ਪੂਰੀ ਘਟਨਾ ਨੂੰ ਹਰ ਪਖੋਂ ਤੋਲੇ ਨਾਪੇ
ਦਏ ਫੈਸਲਾ:— ਇਸ ਸਭ ਕੁਝ ਦਾ ਕੋਈ ਨਾ ਫਾਇਦਾ
ਅੰਬਰ ਵਿਚ ਬਦਲਾਂ ਦੀ ਗਰਜਨ, ਇਕ ਤਮਾਸ਼ਾ
ਤੇ ਉਹ ਮਿਥੇ, ਸਭ ਕੁਝ ਨੂੰ— ਸਿਰ ਤੋਂ ਪੈਰਾਂ ਤੱਕ—
ਪ੍ਰਣਾਲੀ ਵਿਚ ਬਨ੍ਹਣਾ, ਸਭ ਕੁਝ ਲਭਣਾ।

ਕਿੰਨੀ ਹੈ ਬਚਗਾਨਾ ਤੇ ਸਿਧੜਾਂ ਦੀ ਗੱਲ
ਉਸ ਨੂੰ ਲਭਣਾ, ਜੋ ਮਿਟ ਚੁਕਾ, ਗੱਲ ਬੀਤੇ ਦੀ ਹੋਇਆ।
ਲੋੜ ਹੈ ਅੱਜ ਦੀ ਸਹੀ ਸਥਿਤੀ ਸਮਝੋ ਜਾਣੋ
ਅਰਸ਼ ਫਰਸ਼ ਨੂੰ ਆਪੋ ਆਪਣਾ ਕਰਮ ਨਿਭਾਵਨ ਦੇਵੋ
ਜਾਣ ਦਿਓ ਉਹਨਾਂ ਨੂੰ ਆਪਣੀ ਮਨ ਮਰਜ਼ੀ ਦੇ ਰਾਹ ਤੇ
ਲਹਿਰਾਂ ਨੂੰ ਟਕਰਾਉਣ ਦਿਓ ਚਿਟਾਨਾਂ ਸੰਗ ਜਾਕੇ। •

## ੩.

ਮੈਂ ਤੁਰਿਆ ਰਾਹ ਆਪਣੇ ਤੇ ਸਭੇ ਬੇੜੀਆਂ ਨੂੰ ਤੋੜ
"ਕਿਥੇ ਚਲਿਆਂ?" "ਮੈਂ ਇਕ ਨਵਾਂ ਸੰਸਾਰ ਲਭਾਂਗਾ।"
"ਕੀ ਏਥੇ ਚੁਫੇਰੇ ਸੂਰਜ ਨਹੀਂ, ਸੁਹੱਪਣ ਨਹੀਂ,
ਹੇਠਾਂ ਨਾਚ ਲਹਿਰਾਂ ਦਾ ਤੇ ਉਤੇ ਤਾਰਿਆਂ ਦੀ ਲੋਅ?"
ਜਿਸ ਨੂੰ ਲੋਚਦਾ ਹਾਂ ਮੈਂ ਗਲਵਕੜੀ 'ਚ ਭਰ ਲੈਣਾ
ਉਸ ਦੁਨੀਆਂ ਦਾ ਤਾਂ ਮੇਰੇ ਅੰਦਰੋਂ ਜਨਮ ਹੋਣਾ
ਠਾਠਾਂ ਮਾਰਦਾ ਰਹੇ ਲਹੂ ਮੇਰੇ ਵਿੱਚ ਉਹਦਾ ਸਾਗਰ
ਸਾਹਾਂ ਮੇਰਿਆ ਵਿੱਚ ਵਸਿਆ ਰਹੇ ਉਸ ਦਾ ਅੰਬਰ।

ਮੈਂ ਜਿਥੋਂ ਤੱਕ ਜਾ ਸਕਦਾ ਸਾਂ ਗਮਨ ਕਰ ਆਇਆਂ
ਸ਼ਬਦ' ਚੋਂ ਜੋ ਹੋਏ ਸਾਕਾਰ ਲੈ ਸੰਸਾਰ ਮੁੜ ਆਇਆਂ
ਏਥੇ ਸੂਰਜਾਂ ਦੀ ਨਿਘ ਹੈ ਝਿਲਮਿਲ ਸਿਤਾਰੇ ਵੀ
ਬਿਜਲੀ ਦੀ ਕੜਕ, ਤੇ ਉਹ ਡੁਬ ਜਾਣ ਸਾਰੇ ਹੀ। •

# ਕਾਰਲ ਮਾਰਕਸ ਅਤੇ ਸਿੱਖ ਧਰਮ

ਅਰਦਮਨ ਸਿੰਘ •

ਕਾਰਲ ਮਾਰਕਸ ਨੇ ਕਿਹਾ ਸੀ ਕਿ ਧਰਮ ਲੋਕਾਂ ਨੂੰ ਦੇਣ ਲਈ ਅਫ਼ੀਮ ਹੈ। ਧਾਰਮਕ ਰੁਚੀਆਂ ਵਾਲੇ ਲੋਕ ਇਸ ਉੱਤੇ ਕਿੰਤੂ ਕਰਦੇ ਹਨ।

ਦੋਵੇਂ ਪੱਖ ਕੁਝ ਹੱਦ ਤੱਕ ਸੱਚੇ ਹਨ ਪਰ ਡੂੰਘੀ ਵਿਚਾਰ ਮੰਗਦੇ ਹਨ ਤਾਂ ਜੁ ਠੀਕ ਨਿਬੇੜਾ ਹੋ ਸਕੇ ਕਿ ਧਰਮ ਵਾਕਈ ਲੋਕਾਂ ਨੂੰ ਝੁਠਲਾਉਣ ਅਤੇ ਮਦਹੋਸ਼ ਕਰਨ ਦਾ ਕੰਮ ਕਰਦਾ ਹੈ; ਅਤੇ ਜੇ ਕਰਦਾ ਹੈ ਤਾਂ ਕਿਥੋਂ ਤਕ ਅਤੇ ਕਿੰਨਾ ਹਾਲਤਾਂ ਵਿਚ।

ਕਾਰਲ ਮਾਰਕਸ ਦਾ ਸਿਧਾਂਤ ਮਨੁੱਖਾ ਜੀਵਨ ਨੂੰ ਸੁਖੀ ਰੱਖਣ ਦੇ ਮੰਤਵ ਨਾਲ ਉਪਜਿਆ। ਇਹੀ ਮੰਤਵ ਧਰਮ ਦੇ ਅਰੰਭ ਹੋਣ ਦਾ ਸੀ।

ਧਰਮ ਰੱਬ ਦੀ ਹੋਂਦ ਦੁਆਲੇ ਉਸਰਿਆ। ਹੌਲੀ ਹੌਲੀ ਇਸ ਦੇ ਨਾਲ ਕਈ ਕਰਾਮਾਤਾਂ, ਮਰਿਆਦਾਂ, ਰੀਤਾਂ, ਰਸਮਾਂ ਅਤੇ ਹਉਮੈਂ ਜੁੜ ਗਈਆਂ। ਵਿਚੋਂ ਅਸਲੀ ਰੱਬ ਦੀ ਪਛਾਣ ਧੁੰਦਲੀ ਹੋ ਗਈ।

ਧਰਮ ਨੇ ਕਿਹਾ : ਰੱਬ ਹੈ। ਉਸ ਉਤੇ ਯਕੀਨ ਕਰੋ। ਰੱਬ ਸਭ ਜੀਆਂ ਵਿਚ ਵੱਸਦਾ ਹੈ। ਉਸ ਨਾਲ ਪਿਆਰ ਕਰੋ। ਉਹ ਸਾਰੇ ਦੁਖ ਦੂਰ ਕਰੇਗਾ।

ਸਾਧਾਰਣ ਮਨੁੱਖ ਨੂੰ ਰੱਬ ਦੀ ਸਮਝ ਨਾ ਆਈ। ਰੱਬ ਜਿੱਡਾਂ ਕੋਈ ਹੋਵੇ ਤਾਂ ਹੀ ਉਸ ਨੂੰ ਜਾਣ ਅਤੇ ਸਮਝ ਸਕੇ। ਸਾਧਾਰਣ ਮਨੁੱਖ ਕੋਲ ਏਨੀ ਬੁੱਧੀ ਨਹੀਂ ਸੀ। ਉਸ ਨੇ ਧਰਮ ਬਾਰੇ "ਰੌਲਾ ਪਾਉਣ ਵਾਲਿਆਂ" ਦੀ "ਹਾਂ" ਵਿਚ "ਹਾਂ" ਮਿਲਾ ਦਿਤੀ।

ਪਰ ਇਹੋ ਜਿਹੇ ਧਰਮ ਪ੍ਰਚਾਰਕ ਆਪ ਰੱਬ ਵਾਲੇ ਨਾ ਬਣੇ। ਉਹ ਆਪਣੇ ਮਨ ਅਤੇ ਸਰੀਰ ਦੇ ਵੇਗਾਂ ਵਿਚ ਰੁੜ੍ਹੇ ਆਪਣੀਆਂ ਹਿਰਸਾਂ, ਲੋੜਾਂ ਅਤੇ ਹਉਮੈ ਦੀ ਤਸੱਲੀ ਵਿਚ ਜੁੱਟ ਪਏ। ਜਨ-ਸਾਧਾਰਣ ਵੱਲ ਉਨ੍ਹਾਂ ਨੇ ਠੀਕ ਧਿਆਨ ਨਾ ਦਿਤਾ। ਉਨ੍ਹਾਂ ਨੇ ਇਹ ਨਾ ਵੇਖਿਆ ਕਿ ਜਨ-ਸਾਧਾਰਣ ਕਿੰਨਾ ਕੁ ਸੁਖੀ ਹੈ। ਉਨ੍ਹਾਂ ਇਹ ਨਾ ਪਛਾਤਾ ਕਿ ਮਾਨਸਕ ਤੌਰ ਤੇ, ਸਰੀਰਕ ਪੱਖ ਤੋਂ, ਮਾਇਕ ਲੋੜਾਂ ਦੇ ਪਾਸੇ ਵਲੋਂ ਆਮ ਲੋਕ ਕਿੰਨੇ ਅਤੇ ਕਿਉਂ ਥੁੜੇ ਹੋਏ ਹਨ। ਉਨ੍ਹਾਂ ਨੇ ਜਨ-ਸਾਧਾਰਣ ਦੀਆਂ ਊਣਤਾਈਆਂ ਨੂੰ ਪੂਰਨ ਲਈ ਤਾਣ ਨਹੀਂ ਲਾਇਆ। ਉਨ੍ਹਾਂ ਨੇ ਉਸ ਨੂੰ "ਕਰਮਾਂ ਦਾ ਫਲ" ਅਤੇ "ਪਿਛਲੇ ਜਨਮਾਂ ਦੇ ਸੰਸਕਾਰਾਂ" ਦੇ ਸਹਿਮ ਨਾਲ ਦੱਬ ਦਿਤਾ। ਉਨ੍ਹਾਂ ਨੇ ਇਹ ਕੋਸ਼ਿਸ਼ ਨਹੀਂ ਕੀਤੀ ਕਿ ਥੁੜੇ ਹੋਏ ਮਨੁੱਖਾਂ ਦੀਆਂ ਥੁੜਾਂ ਪੂਰੀਆਂ ਕਰਨ ਦੀ ਵਾਹ ਲਾਈ ਜਾਵੇ। ਉਨ੍ਹਾਂ ਨੇ ਸਭ ਵਿਚ ਰੱਬ ਨਹੀਂ ਵੇਖਿਆ। ਉਨ੍ਹਾਂ ਨੇ ਸਿਰ ਜੋੜ ਕੇ ਸਭ ਦੇ ਖਾਣ, ਹੰਢਾਉਣ, ਸਿਰ ਲੁਕਾਉਣ ਅਤੇ ਹੋਰ ਕੁਦਰਤੀ ਸੰਸਾਰਕ ਲੋੜਾਂ ਅਤੇ ਖ਼ੁਸ਼ੀਆਂ ਵੱਲ ਧਿਆਨ ਨਹੀਂ ਦਿਤਾ ਤਾਂ ਜੁ ਇਨ੍ਹਾਂ ਵਲੋਂ ਨਿਸਚਿੰਤ ਹੋ ਕੇ ਉਹ ਰੱਬ ਦੇ ਨਾਲ ਜੁੜਨ।

ਜਨ-ਸਾਧਾਰਣ ਰੱਬ ਕੋਲ ਵੀ ਨਾ ਅੱਪੜ ਸਕਿਆ। ਰੱਬ ਕੋਲ ਪਹੁੰਚਣ ਲਈ ਇਕ ਮਨ ਇਕ ਚਿਤ ਹੋ ਕੇ ਆਰਾਧਣ ਦੀ ਜਾਚ ਚਾਹੀਦੀ ਸੀ। ਉਹ ਵੀ ਕਿਸੇ ਵਿਰਲੇ ਨੂੰ ਹੀ ਆਉਂਦੀ ਹੈ। ਐਸੀ ਆਰਾਧਨਾ ਦਾ ਕੋਈ ਹੰਨਾ ਬੰਨਾ ਵੀ ਨਹੀਂ ਸੀ ਕਿ ਇਹ ਕਦ ਤਕ ਕਰਦੇ ਰਹਿਣ ਨਾਲ ਰੱਬ ਮਿਲੇਗਾ।

ਕਿਸੇ ਨੇ ਕਿਹਾ ਕਿ ਮੈਂ ਰੱਬ ਡਿੱਠਾ ਹੈ ਜਾਂ ਅਨੁਭਵ ਕੀਤਾ ਹੈ ਪਰ ਉਹ ਇਸ ਨੂੰ "ਗੂੰਗੇ ਦੀ ਮਠਿਆਈ" ਵਾਂਗ ਸਮਝਾ ਨਹੀਂ ਸਕਿਆ। ਕਈਆਂ ਨੂੰ ਰੱਬ ਦੀ "ਚੇਟਕ" ਲਗ ਗਈ ਤੇ ਗ੍ਰਿਹਸਤ ਛੱਡ ਦਿਤਾ। ਉਨ੍ਹਾਂ ਉਪਦੇਸ਼ ਕਰਨਾ ਅਰੰਭ ਦਿਤਾ। ਪਰ ਉਨ੍ਹਾਂ ਨੇ ਗ੍ਰਿਹਸਤ ਵਿਚ ਰਹਿ ਕੇ ਸਾਧਾਰਣ ਮਨੁੱਖ ਨੂੰ ਆਪ ਮਿਸਾਲ ਬਣ ਕੇ ਦਰਸਾਇਆ ਨਹੀਂ ਕਿ ਜੀਵਨ ਇਉਂ ਜੀਉਣਾ ਚਾਹੀਦਾ ਹੈ। ਉਨ੍ਹਾਂ ਨੇ ਧਰਮ ਦੀ ਆੜ ਲੈ ਕੇ "ਛੱਡੋ" ਵਿਚ ਹੀ ਸੁਖ ਦੱਸਿਆ।

ਪਰ ਮਨੁੱਖ ਮਨੁੱਖ ਹੈ। ਜਦ ਤਕ ਪੰਜ ਤੱਤਾਂ ਦਾ ਪੁਤਲਾ ਹੈ ਇਸ ਨੂੰ ਭੁਖ ਹੈ, ਦੁਖ ਹੈ, ਮੋਹ ਹੈ। ਫਿਰ ਇਹ ਵੀ ਤਾਂ ਰੱਬ ਨੇ ਮਨੁੱਖ ਦੇ ਜੀਵਨ ਨਾਲ ਜੋੜ ਦਿਤਾ ਹੋਇਆ ਹੈ ਕਿ ਇਸ ਦਾ ਪਰਿਵਾਰ ਵਧੇ। ਇਸ ਪਰਿਵਾਰ ਦੇ ਜਨਮ ਦੀਆਂ ਪੀੜਾਂ ਹਨ, ਲੋੜਾਂ ਹਨ।

ਧਰਮ ਨੂੰ ਮੰਨਣ ਵਾਲਾ ਇਕ ਮਨੁੱਖ ਧੰਨ ਦੌਲਤ, ਐਸ਼ ਇਸ਼ਰਤ, ਅਣਲੋੜੀਂਦੇ ਸੁਖ ਆਰਾਮ ਨਾਲ ਆਫਰਿਆ ਫਿਰੇ ਅਤੇ ਉਸੇ ਧਰਮ ਦਾ ਪੈਰੋਕਾਰ ਦੂਜਾ ਮਨੁੱਖ ਭੁੱਖਾ, ਦੁਖੀ, ਤਨ ਦੇ ਕਪੜੇ ਲਈ ਆਤੁਰ, ਆਪਣੇ ਬੱਚਿਆਂ ਨੂੰ ਪੂਰੀ ਖ਼ੁਰਾਕ ਅਤੇ ਵਿਦਿਆ ਦੇਣ ਤੋਂ ਅਸਮਰਥ, ਮਨੁੱਖ ਕਹਾਉਣ ਤੋਂ ਸ਼ਰਮਾਵੇ! ਇਹ ਕਿਧਰ ਦਾ ਧਰਮ ਹੋਇਆ?

ਆਮ ਧਰਮ ਪ੍ਰਚਾਰਕਾਂ ਨੇ ਨਿਰਛਲ ਹੋ ਕੇ, ਰੱਬ ਦੇ ਪਿਆਰ ਵਿਚ ਗੜੂੰਦ ਹੋ ਕੇ ਜਨ-ਸਾਧਾਰਣ ਦੇ ਕਸ਼ਟ ਨਿਵਾਰਣ ਲਈ ਹੀਲਾ ਨਹੀਂ ਕੀਤਾ। ਉਨ੍ਹਾਂ ਨੇ "ਰੱਬ ਦੀ ਰਜ਼ਾ ਵਿਚ ਦਖ਼ਲ ਨਹੀਂ ਦੇ ਸਕਦੇ" ਵਰਗੀ ਗੱਲ ਦਾ ਅਨਰਥ ਕਰ ਸੁਣਾਇਆ। ਉਨ੍ਹਾਂ ਨੇ ਰੱਬ ਕੋਲੋਂ ਸਹਾਇਤਾ ਵੀ ਨਹੀਂ ਮੰਗੀ। ਉਹ ਆਪ ਰੱਬ ਦੇ ਨੇੜੇ ਜੂ ਨਹੀਂ ਸਨ। ਉਨ੍ਹਾਂ ਨੇ ਤਰਲਾ ਵੀ ਨਹੀਂ ਲਿਆ ਕਿ "ਹੇ ਰੱਬ ਜੀ, ਇਨ੍ਹਾਂ ਜਨ-ਸਾਧਾਰਣ ਨੂੰ ਜਿੱਤ ਦੁਆਰੈ ਉਬਰੈ ਤਿਤੈ ਲੇਹੁ ਉਭਾਰ।" ਉਹ ਮਾਲਾ ਫੜ ਕੇ ਰੱਬ ਦਾ ਨਾਮ ਰਟਣ ਵਿਚ ਸਮਾਂ ਗੁਜ਼ਾਰ ਦੇਣਾ ਚੰਗਾ ਸਮਝਦੇ। ਪਰ ਗ਼ਰੀਬਾਂ, ਦੁਖੀਆਂ ਨੂੰ ਰੱਬ ਕੋਲੋਂ ਬਖਸ਼ਾਉਣ ਲਈ ਸਿਮਰਨ ਕਰਨ ਵਿਚ ਸਮਾਂ ਨਹੀਂ ਲਾਉਂਦੇ।

ਅਜਿਹੇ ਧਰਮ ਪ੍ਰਚਾਰਕਾਂ, ਸੰਤਾਂ, ਸਾਧਾਂ, ਆਦਿ, ਨੇ ਗ਼ਰੀਬਾਂ ਕੋਲ, ਜਨ-ਸਾਧਾਰਣ ਕੋਲ ਰਹਿਣ ਦਾ ਵੀ ਨਹੀਂ ਠਾਣ੍ਹਿਆ। ਉਹ ਅਮੀਰਾਂ ਦੇ ਸੁਖ-ਰਹਿਣੇ ਮਹਿਲਾਂ ਅਤੇ ਦੁਆਰਿਆਂ ਵਿਚ ਟਿਕਦੇ। ਉਥੇ ਮਾਇਆ ਜੁ ਮਿਲਦੀ ਹੋਈ, "ਧਰਮ ਕਾਰਜਾਂ" ਲਈ। ਉਨ੍ਹਾਂ ਨੇ "ਨੀਚਾਂ ਅੰਦਰ ਨੀਚ ਜਾਤਿ" ਵਿਚ ਰੱਬ ਨਹੀਂ ਵੇਖਿਆ। ਉਨ੍ਹਾਂ ਨੇ ਨੀਚਾਂ ਵਿਚ ਵੱਸਦੇ ਰੱਬ ਕੋਲ ਜਾ ਕੇ ਨਿਵਾਸ ਨਹੀਂ ਕੀਤਾ।

ਜਾਪਦਾ ਹੈ ਕਿ ਸਾਰਾ ਆਲਾ ਦੁਆਲਾ ਕੁਝ ਇਹੋ ਜਿਹੀ ਠਗਉਰੀ ਦਾ ਬਣਿਆ ਪਿਆ ਸੀ ਜਦੋਂ ਕਾਰਲ ਮਾਰਕਸ ਅਜਿਹੇ ਧਰਮ ਤੋਂ ਮੁਨਕਰ ਹੋ ਗਿਆ। ਉਹ ਧਰਮ ਕੀ ਹੋਇਆ ਕਿ ਰੱਬ ਹਰ ਬੰਦੇ ਵਿਚ ਵੱਸੇ ਅਤੇ ਬੰਦਾ ਇਸ ਤਰ੍ਹਾਂ ਆਤੁਰਤਾ ਵਿਚ ਜੀਵੇ। ਉਸ ਨੂੰ ਇਸ ਸਵਾਲ ਨੇ ਝੰਜੋੜਿਆ ਕਿ ਬੰਦੇ ਬੰਦਿਆਂ ਨਾਲ ਠੀਕ ਵਰਤਾਉ ਕਿਉਂ ਨਾ ਕਰਨ। ਕਾਰਲ ਮਾਰਕਸ ਨੇ ਤੱਕਿਆ ਕਿ ਮਨੁਖ ਢਿੱਲੇ ਹੱਥੀਂ ਨਹੀਂ ਸਮਝੇਗਾ। ਉਸ ਨੇ ਧਰਮ ਨੂੰ ਅਫ਼ੀਮ ਕਹਿ ਕੇ ਮਨੁੱਖ ਦਾ ਧਿਆਨ ਇਸਦੀ ਪੰਜ-ਭੂਤਕ ਹੋਂਦ ਵੱਲ ਖਿੱਚਿਆ। ਉਸ ਨੇ ਸਮਝ ਲਿਆ ਕਿ ਮਨੁੱਖ ਕੋਲੋਂ ਭੁਖਿਆਂ, ਤਰਸਦਿਆਂ ਰਹਿ ਕੇ ਰੱਬ ਦੀ ਆਰਾਧਨਾ ਕੀ, ਹੋਰ ਵੀ ਕੋਈ ਚੰਗਾ ਕੰਮ ਨਹੀਂ ਹੋਣਾ। ਉਸ ਨੇ ਵੇਖਿਆ ਕਿ ਇਕ ਰੱਜੇ ਪੁਜੇ ਬੰਦੇ ਨੇ ਦੂਜੇ ਲੋੜਵੰਦ ਬੰਦੇ ਦਾ ਧਿਆਨ ਆਪਣੇ ਆਪ ਨਹੀਂ ਰਖਣਾ। ਉਸ ਨੇ ਬੰਦੇ ਨੂੰ ਬੰਦੀ ਵਿਚ ਪਾਉਣ ਦੇ ਵਿਚਾਰ ਨੂੰ ਜ਼ਰੂਰੀ ਜਾਤਾ।

ਮਾਰਕਸ ਨੇ ਹਰੇਕ ਮਨੁੱਖ ਦੀਆਂ ਲੋੜਾਂ, ਜਨਮ ਦੀਆਂ ਲੋੜਾਂ, ਜਨਮ ਦੀਆਂ ਪੀੜਾਂ ਤੋਂ ਲੈ ਕੇ ਮਰਨ ਸਮੇਂ ਤਕ ਖ਼ੁਰਾਕ, ਵਿਦਿਆ, ਸਿਰ ਲੁਕਾਉਣ ਨੂੰ ਥਾਂ, ਨੇਕ ਕਮਾਈ ਲਈ ਕੰਮ, ਬੱਚਿਆਂ ਦੀ ਪਾਲਣਾ ਅਤੇ ਸੰਭਾਲ, ਸਭ ਕਾਸੇ ਲਈ ਠੀਕ ਪ੍ਰਬੰਧ ਲਈ ਸਾਂਝੀਵਾਲਤਾ ਦੀ ਬੰਦਸ਼ ਨੂੰ ਹੀ ਠੀਕ ਹੱਲ ਲੱਭਾ। ਉਸ ਨੇ "ਸਭੇ ਸਾਂਝੀਵਾਲ ਸਦਾਇਣ" ਦਾ ਸਾਧਨ ਵਰਤੋਂ ਵਿਚ ਲਿਆਉਣ ਦੀ ਮਜਬੂਰੀ ਦਾ ਸਿਧਾਂਤ ਅਤੇ ਪਰੋਗਰਾਮ ਦਿਤਾ।

ਮਾਰਕਸ ਨੂੰ, ਜਾਪਦਾ ਹੈ, ਰੱਬ ਦਾ ਅਸਲੀ ਧਰਮ ਅਫ਼ੀਮ ਨਹੀਂ ਦਿਸਦਾ ਸੀ। ਠੀਕ ਧਰਮ ਐਸੇ ਰੱਬ ਦਾ ਪ੍ਰਗਟਾਵਾ ਹੈ ਜੋ ਸਾਰੀ ਕਾਇਨਾਤ, ਸਾਰੇ ਬ੍ਰਹਿਮੰਡ ਦੇ ਪਿਛੇ ਚੇਤੰਨ ਸ਼ਕਤੀ ਹੈ। ਜਿਸ ਦਾ ਹਰ ਜੀਵ ਵਿਚ ਵਾਸਾ ਹੈ। ਜਿਸ ਕਰਕੇ ਹਰ ਜੀਵ ਨੂੰ ਸੋਹਣੀ ਤਰ੍ਹਾਂ ਜੀਉਣ ਦਾ ਹੱਕ ਹੈ। ਪਰ ਰੱਬ ਦਾ ਅਨੁਭਵ ਹਾਲਾਂ ਬੰਦੇ ਦੀ ਸਮਰੱਥਾ ਵਿਚ ਨਹੀਂ। ਸੋ ਮਾਰਕਸ ਚਾਹੁਦਾ ਸੀ ਕਿ ਸੰਸਾਰ ਵਿਚ ਜੀਵਨ ਬਾਰੇ ਠੀਕ ਵਿਚਾਰ ਸਾਹਮਣੇ ਰੱਖ ਕੇ ਸਭ ਮਨੁੱਖ ਰਲ ਕੇ ਇਕ ਦੂਜਿਆਂ ਦੇ ਹੱਥ ਫੜ ਕੇ ਇਸ ਨੂੰ ਪੰਜ-ਤੱਤੀ ਪੱਖ ਤੋਂ ਠੀਕ ਗੁਜ਼ਾਰਨ ਅਤੇ ਫੇਰ ਤ੍ਰਿਸੇ ਦਿੱਬ ਦ੍ਰਿਸ਼ਟੀ ਵਿਚ ਵਿਚਰਣ। ਉਹ ਮਨੁੱਖ ਦਾ ਦੁਖਾਂ ਅਤੇ ਪੀੜਾਂ ਭਰਿਆ ਅਸਾਂਵਾਂ ਅਤੇ ਤਰਸਦਾ ਜੀਵਨ ਨਹੀਂ ਵੇਖਣਾ ਚਾਹੁੰਦਾ ਸੀ।

ਮਾਰਕਸ ਨੇ ਉਹੀ ਕੁਝ ਬੁਝਿਆ ਜੋ ਮੇਰੇ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ, ਮਾਰਕਸ ਤੋਂ ਸੈਂਕੜੇ ਸਾਲ ਪਹਿਲੋਂ, ਦਰਸਾਇਆ ਸੀ। ਉਨ੍ਹਾਂ ਨੇ ਸਭ ਵਿਚ ਰੱਬ ਵੱਸਦੇ ਦੀ ਚੇਤਾਵਨੀ ਦਿਤੀ ਸੀ। ਉਨ੍ਹਾਂ ਨੇ ਹੀ "ਸੱਭੇ ਸਾਂਝੀਵਾਲ ਸਦਾਇਣ" ਦਾ ਗੁਰ ਸਮਝਾਇਆ ਸੀ। ਉਨ੍ਹਾਂ ਨੇ ਹੀ ਗ਼ਰੀਬਾਂ ਉੱਤੇ ਦਾੜ੍ਹੀ ਖਿੰਝਣ ਤੋਂ ਵਰਜਿਆ ਸੀ। ਉਨ੍ਹਾਂ ਨੇ ਲੋੜਵੰਦਾਂ, ਨਿਤਾਣਿਆਂ ਉੱਤੇ ਦਇਆ ਕਰਨ ਦਾ ਅਸੂਲ ਦਿਤਾ ਸੀ। ਹਉਮੈਂ, ਲੋਭ ਤੋਂ ਹਟਕ ਕੇ ਨਿਰਮਾਣਤਾ, ਮਿੱਠਤ, ਦੂਜਿਆਂ ਦੇ ਦਰਦ ਦੂਰ ਕਰਨ, ਸਗੋਂ "ਅਣਹੋਂਦਾ ਆਪ ਵੰਡਾਏ" ਤਕ ਜਾਣ ਦਾ ਕਰਤੱਵ ਦ੍ਰਿੜ੍ਹਾਇਆ ਸੀ। ਉਨ੍ਹਾਂ ਨੇ ਸੰਤੋਖ ਅਤੇ ਸ਼ਰਮ ਧਾਰਨ ਕਰਨ ਦੀ ਤਾਕੀਦ ਕੀਤੀ। ਮੇਰਾ ਤੇਰਾ ਛੱਡ ਕੇ ਸਭਨਾਂ ਦੀ ਰੇਣ ਹੋਣਾ ਦੱਸਿਆ ਸੀ।

ਪਰ ਅਸੀਂ ?

ਅਸੀਂ ਆਪ ਧਰਮ ਨੂੰ ਝੁਠਲਾ ਰਹੇ ਹਾਂ। ਅਸੀਂ "ਪ੍ਰਿਥਮੇ ਸੰਬੂਹ ਖ਼ਾਲਸੇ ਜੀ ਕੀ ਅਰਦਾਸ" ਕਰਦੇ ਮੰਗਦੇ ਹਾਂ : "ਜਹਾਂ ਜਹਾਂ ਗੁਰੂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ।" ਪਰ ਇਹ ਸਾਡੀ ਬਹੁਤਿਆਂ ਦੀ ਮੂੰਹ ਜਬਾਨੀ ਦੀ ਹੀ ਅਰਦਾਸ ਹੈ, ਦਿਲੋਂ ਮਨੋਂ ਉੱਠੀ ਅਰਦਾਸ ਨਹੀਂ। ਮਹਿਲਾਂ ਮਾੜੀਆਂ ਵਿਚ ਵੱਸਦੇ, ਸੰਗਮਰਮਰ, ਗਲੀਚਿਆਂ, ਏਅਰ ਕੰਡੀਸ਼ਨਾਂ, ਸੋਨੇ ਚਾਂਦੀ ਦੇ ਬਰਤਨਾਂ ਨੂੰ ਅਤੇ ਚੰਗੇ ਚੰਗੇ ਭੋਜਨ ਅਤੇ ਕਪੜੇ ਹੰਢਾਉਂਦਿਆਂ ਕਦੀ ਸੋਚਦੇ ਵੇਖਦੇ ਹਾਂ ਕਿ ਗੁਰੂ ਦੇ ਸਰਬਤ ਖ਼ਾਲਸੇ ਨੂੰ (ਜੇ ਬਾਕੀ ਮਨੁੱਖਤਾ ਤਕ ਨਾ ਵੀ ਜਾਈਏ) ਸਾਡੇ ਵਾਂਗ ਕਿੰਨਾ ਕੁਝ ਨਸੀਬ ਨਹੀਂ ? ਕਿੰਨੇ ਕੁ ਸਾਡੇ ਧਰਮ-ਭਰਾ ਹਨ ਜਿਨ੍ਹਾਂ ਕੋਲ ਸਾਡੇ ਨਾਲੋਂ ਹਜ਼ਾਰਵਾਂ ਕੀ, ਲੱਖਵਾਂ ਹਿੱਸਾ ਵੀ ਸਰੀਰਕ ਅਤੇ ਸੰਸਾਰਕ ਲੋੜਾਂ ਦੀ ਪੂਰਤੀ ਦਾ ਸੁਖ ਨਸੀਬ ਨਹੀਂ ? ਅਸੀਂ ਹਜ਼ਾਰਾਂ ਰੁਪਏ ਵਧੀਆ ਖਾਣਿਆਂ ਅਤੇ ਐਸ਼ ਇਸ਼ਰਤ ਉੱਤੇ ਖ਼ਰਚਦੇ ਖ਼ੁਸ਼ ਅਤੇ ਆਪਣੇ ਆਪ ਵਿਚ ਮਸਤ ਹਾਂ। ਫੇਰ ਅਸੀਂ "ਸਰਬਤ ਦਾ ਭਲਾ" ਵੀ ਮੰਗਦੇ ਹਾਂ ! ਕੀ ਕਰਦੇ ਹਾਂ ਅਸੀਂ ਸਰਬਤ ਦੇ ਭਲੇ ਨੂੰ ਅਮਲੀ ਜਾਮਾਂ ਪਹਿਨਾਉਣ ਲਈ ?

ਇਨ੍ਹਾਂ ਰੰਗਾਂ ਵਿਚ ਅਸੀਂ ਕਿਸ ਤਰ੍ਹਾਂ ਦਾਹਵਾ ਕਰ ਸਕਦੇ ਹਾਂ ਕਿ ਸਾਡਾ ਧਰਮ ਜਨ-ਸਾਧਾਰਣ ਨੂੰ ਸੁੱਤਿਆਂ ਰੱਖਣ ਲਈ ਨਸ਼ਾ ਨਹੀਂ ? ਜਦੋਂ ਕਾਰਲ ਮਾਰਕਸ ਦਾ ਸਿਧਾਂਤ ਅਤੇ ਪ੍ਰੋਗਰਾਮ ਸਾਡੇ ਉੱਤੇ ਸਰਕਾਰੀ ਤੌਰ ਤੇ ਮਜਬੂਰੀ ਠੋਸਿਆ ਜਾਵੇਗਾ ? ਸਾਡੇ ਧਰਮ ਦਾ ਪ੍ਰਬੰਧ ਅਜਿਹਾ ਬਨਣਾ ਚਾਹੀਦਾ ਹੈ ਕਿ ਘੱਟ ਤੋਂ ਘੱਟ ਇਸ ਧਰਮ ਦੇ ਹਰੇਕ ਪੈਰੋਕਾਰ ਰੱਜਿਆ, ਸੁਖੀ ਅਤੇ ਖ਼ੁਸ਼ੀ ਥੀਵੇ ; ਅਤੇ ਰੱਬ ਦੀ ਯਾਦ ਵਿਚ ਰੰਗਿਆ "ਇਹ ਜਗ ਸੱਚੇ ਕੀ ਹੈ ਕੋਠੜੀ" ਵਿਚ ਆਉਣਾ, ਰਹਿਣਾ ਸਫ਼ਲ ਬਣਾ ਕੇ ਦੱਸੇ ਕਿ ਧਰਮ ਅਫ਼ੀਮ ਨਹੀਂ। ● ( ਧੰਨਵਾਦ ਸਹਿਤ ਆਰਸੀ ਦਸੰ: 82 ਚੋਂ )

---

( ਸਫ਼ਾ 37 ਦੀ ਬਾਕੀ )

ਮਾਰਕਸਵਾਦ ਲੋਕਾਂ ਦੀਆਂ ਸੱਧਰਾਂ ਤੇ ਉਮੰਗਾਂ ਦਾ ਚਿੰਤਨ ਹੈ। 'ਮਾਰਕਸਵਾਦ ਮਰ ਗਿਆ ਹੈ' ਦਾ ਨਾਅਰਾ ਲਾਣ ਵਾਲੇ ਕਈ ਜੰਮੇ, ਜੰਮਦਿਆਂ ਹੀ ਮਰ ਗਏ। ਅੱਜ ਉਹਨਾਂ ਦੇ ਕਿਸੇ ਨੂੰ ਨਾਂ ਵੀ ਯਾਦ ਨਹੀਂ। ਮਾਰਕਸਵਾਦ ਜੀਊਂਦਾ ਹੀ ਨਹੀਂ, ਢੁੱਡਾਂ ਮਾਰ ਮਾਰ ਕੁੱਦਦਾ ਅਗੇ ਵੱਧ ਰਿਹਾ ਹੈ।

ਜਿਹੜਾ ਸਾਹਿਤ ਉਕਤ ਸਿਧਾਂਤਾਂ ਵੱਲ ਮੂੰਹ, ਨਜ਼ਰ ਤੇ ਧਿਆਨ ਰੱਖਕੇ ਪੈਰ ਨਹੀਂ ਧਰਦਾ, ਉਹ ਔਝੜਾਂ ਕੱਢਦਾ ਫਿਰਦਾ ਹੈ—ਉਹ ਲੋਕਾਂ ਦਾ ਨਹੀਂ ਜੋਕਾਂ ਦਾ ਹੈ। ਨਜ਼ਰੀਆ ਠੀਕ ਹੋਣਾ ਚਾਹੀਦਾ ਹੈ। ਜ਼ਿੰਦਗੀ ਦੇ ਵਿਸ਼ਾਲ ਖੇਤਰ ਜਵਾਨ ਸਾਹਿਤਕਾਰਾਂ ਦਾ ਰਾਹ ਤੱਕ ਰਹੇ ਹਨ। ●

## DOSANJH & PIRANI
LAWYERS

ਐਕਸੀਡੈਂਟਾਂ ਵਿੱਚ ਸੱਟਾਂ ਲੱਗਣ ਤੇ
ਇਨਸ਼ੋਰੈਂਸ ਦੇ ਕੇਸਾਂ ਲਈ ਫੋਨ ਕਰੋ ਅਤੇ
ਮਿਲੋ:

ਉਜੱਲ ਦੋਸਾਂਝ
ਅਤੇ
ਵਕੀਲ ਮਹਿਬੂਬ ਪਿਰਾਨੀ

#202 - 5887 VICTORIA DR.
VANCOUVER, B.C.

PHONE: 327-6381

## VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

TEL: 324-3177

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

6407 MAIN ST.
VANCOUVER, B.C.

## PAUL'S
*PLUMBING & ELECTRICAL SUPPLY*



**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service

## MOONLIGHT
*CARPETS CLEANED BY PROFESSIONALS;*



25%
OFF REG. PRICE

DEEP STEAM CLEANING, MOST MODERN EQUIPMENT

ਆਮ ਕੀਮਤਾਂ ਵਿਚੋਂ 25% OFF
ਬਹੁਤ ਵਧੀਆ ਕੰਮ ਤੇ ਵਾਜਬ ਰੇਟ
ਹੋਰ ਜਾਣਕਾਰੀ ਲਈ ਫੋਨ ਕਰੋ
321-2029 or 324-1015

MOONLIGHT BUILDING MAINTENANCE
8167 MAIN ST., VANCOUVER, B.C. V5X 3L2


WATNO DUR
P.O. Box 9545
Edmonton, Alberta, T6E 5X2

Second Class Mail Reg. No. 3233

TO:

ਫਰੰਟੀਅਰ ਕਲਾਥ ਹਾਊਸ

SPECIALISTS IN SAREES AND DRESS MATERIALS






NEW DESIGNS
& NEW FASHIONS
SAREES

FRONTIER SAREES

FRONTIER CLOTH HOUSE LTD.
6695 MAIN ST. (at 51st Ave.),
VANCOUVER, B.C., CANADA V5X 3H3
Phone: 325-4424 or 325-3515

We have the largest variety
in Punjabi suits
both in designs & Quality

JAPAN SAREE CENTRE
6672 Main St. at 51st. Ave. Vancouver (Ph. 325-3515)